ੴ ਸਤਿਗੁਰ ਪ੍ਰਸਾਦਿ ॥

# ਸੋਸ਼ਲ ਡ੍ਰਿੰਕਿੰਗ : ਗੁਣ ਜਾਂ ਐਬ ?

## ਮੂਲ ਰੂਪ ਵਿੱਚ

## ਸਿੱਖ ਮਿਸ਼ਨਰੀ ਕਾਲਜ (ਰਜਿ:)

## ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਸੋਸ਼ਲ ਡ੍ਰਿੰਕਿੰਗ : ਗੁਣ ਜਾਂ ਐਬ ?

**ਲੇਖਕ** ——**ਡਾ: ਰਾਜਿੰਦਰ ਸਿੰਘ** (**ਮੋਹਾਲੀ**)

ਸ਼ਰਾਬ ਸਾਡੇ ਸਮਾਜ ਵਿਚ ਆਦਿ ਤੋਂ ਹੀ ਰਹੀ ਹੈ, ਪਰੰਤੂ ਅੱਧੀ ਕੁ ਸਦੀ ਪਹਿਲਾਂ ਤੱਕ ਕਦੀ ਵੀ ਇਸ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਗਿਆ। ਪ੍ਰਹੇਜ਼ਗਾਰ ਵਿਅਕਤੀ ਸਦਾ ਸਤਿਕਾਰ ਦੇ ਪਾਤਰ ਤੇ ਚੰਗੇਰੇ ਇਨਸਾਨ ਸਮਝੇ ਜਾਂਦੇ ਸਨ। ਬੁੱਧੀਮਾਨ ਇੱਜ਼ਤਦਾਰ ਲੋਕ ਜਾਂ ਤਾਂ ਸ਼ਰਾਬ ਨੂੰ ਮੂੰਹ ਨਹੀਂ ਲਾਉਂਦੇ ਸਨ, ਜਾਂ ਫਿਰ ਕਲੰਕਿਤ ਹੋਣ ਦੇ ਡਰ ਤੋਂ ਅੰਦਰਖਾਨੇ ਹੀ ਆਪਣਾ ਇਹ ਸ਼ੌਕ ਪੂਰਾ ਕਰਦੇ ਸਨ। ਖੁਲ੍ਹੇਆਮ ਸ਼ਰਾਬਨੋਸ਼ੀ ਕੇਵਲ ਸਮਾਜ ਦੇ ਨਿਚਲੇ ਵਰਗ ਅਤੇ ਵਿਗੜੇ-ਤਿਗੜੇ ਅਮੀਰਜ਼ਾਦਿਆਂ ਤੱਕ ਹੀ ਸੀਮਿਤ ਸੀ। ਕੁਝ ਪੁਰਾਤਨ ਕਬੀਲਿਆਂ ਅਤੇ ਵੇਸਵਾਵਾਂ ਤੋਂ ਛੁੱਟ ਤੀਵੀਆਂ ਵਿਚ ਇਹ ਵਾਦੀ ਅਗਿਆਤ ਸੀ, ਅਤੇ ਬੇਸ਼ਰਮੀ ਦੀ ਇਲਾਮਤ ਸਮਝੀ ਜਾਂਦੀ ਸੀ।

ਹੁਣ ਨਜ਼ਰੀਆ ਬਹੁਤ ਬਦਲ ਗਿਆ ਹੈ। ਸ਼ਰਾਬਨੋਸ਼ੀ ਦੇ ਵਿਰੋਧ ਦੀ ਥਾਂ ਹੁਣ ਸਿਆਣਪ ਨਾਲ ਪੀਣ (Sensible Drinking) ਦਾ ਮਸ਼ਵਰਾ ਦਿੱਤਾ ਜਾਂਦਾ ਹੈ। ਇਸ ਦਾ ਮਤਲਬ ਹੈ, ਮਨੋਰੰਜਨ ਅਤੇ ਸਕੂਨ ਖਾਤਰ ਸੰਜਮ ਨਾਲ ਪੀਓ, ਪਰੰਤੂ ਇਹ ਨੌਬਤ ਨਾ ਆਉਣ ਦਿਓ ਕਿ ਤੁਸੀਂ ਅਮਲੀ ਬਣ ਜਾਉ ਤੇ ਸ਼ਰਾਬ ਬਿਨਾਂ ਰਹਿ ਹੀ ਨਾ ਸਕੋ। ਇਸਨੂੰ 'ਸੋਸ਼ਲ ਡ੍ਰਿੰਕਿੰਗ' (Social Drinking) ਵੀ ਕਹਿੰਦੇ ਹਨ।

ਸੋਸ਼ਲ ਡ੍ਰਿੰਕਿੰਗ ਅੱਜ ਫੈਸ਼ਨ ਤੇ ਸਾਡੇ ਸੱਭਿਆਚਾਰ ਦਾ ਹਿੱਸਾ ਬਣ ਗਈ ਹੈ। ਵਰਤਮਾਨ ਪੀੜ੍ਹੀ ਇਸ ਨੂੰ ਇਕ ਗੌਰਵਮਈ ਸ਼ੁਗਲ ਅਤੇ ਪ੍ਰਸੰਨ ਤੇ ਸਫਲ ਜੀਵਨ ਕੁੰਜੀ ਸਮਝਦੀ ਹੈ। ਯੁਵਾ ਵਰਗ ਇਸ 'ਚੋਂ ਆਪਣੇ ਬਾਂਕਪਣ ਤੇ ਜਾਂਬਾਜ਼ੀ ਦੀ ਤਸੱਲੀ ਹਾਸਲ ਕਰਦਾ ਹੈ। ਕੋਈ ਜਸ਼ਨ, ਕੋਈ ਵਿਆਹ, ਕੋਈ ਪਾਰਟੀ ਇਸ ਤੋਂ ਬਿਨਾਂ ਸੰਪੰਨ ਨਹੀਂ ਸਮਝੀ ਜਾਂਦੀ। ਗਰੀਬ ਅਤੇ ਪੇਂਡੂ ਦੇਸੀ ਪੀ ਕੇ ਮਨ ਪ੍ਰਚਾਵਾ ਕਰਦੇ ਹਨ, ਤਾਂ ਪੜ੍ਹੇ-ਲਿਖੇ ਲੋਕ ਕਾਕਟੇਲ ਪਾਰਟੀਆਂ ਰਾਹੀਂ ਆਪਣੇ ਆਧੁਨਿਕ ਤੇ ਅਗਾਂਹਵਧੂ ਕਿਰਦਾਰ ਦੀ ਨੁਮਾਇਸ਼ ਕਰਦੇ ਹਨ। ਅੱਜ ਸ਼ਰਾਬ ਤੋਂ ਬਿਨਾਂ ਮਹਿਮਾਨ ਨਿਵਾਜ਼ੀ ਦੀ ਕਲਪਨਾ ਹੀ ਨਹੀਂ ਕੀਤੀ ਜਾਂਦੀ। ਮਹਿਮਾਨ ਅੱਗੇ ਛੱਤੀ ਪ੍ਰਕਾਰ ਦੇ ਸੁਆਦਲੇ ਭੋਜਨ ਪਰੋਸੋ, ਤੇ ਸ਼ਰਾਬ ਨਾ ਰੱਖੋ ਤਾਂ ਉਸ ਦਾ ਮੂੰਹ ਸੁੱਜ ਜਾਂਦਾ ਹੈ। ਉਹ ਸਮਝਦਾ ਹੈ ਕਿ ਉਸ ਦਾ ਘੋਰ ਅਪਮਾਨ ਹੋਇਆ ਹੈ। ਪ੍ਰਹੇਜ਼ਗਾਰ ਅੱਜ ਦੇ ਜ਼ਮਾਨੇ ਵਿਚ ਪਿਛਾਂਹਖਿੱਚੂ, ਕਲਯੁਗ ਵਿਚ ਸਤਿਯੁਗ ਦੀਆਂ ਗੱਲਾਂ ਮਾਰਨ ਵਾਲੇ ਸਨਕੀ ਸਮਝੇ ਜਾਂਦੇ ਹਨ। ਇਹ ਹੈ ਸ਼ਰਾਬ ਬਾਰੇ ਅਜੋਕੀ ਵਿਚਾਰਧਾਰਾ।

ਸ਼ਰਾਬਨੋਸ਼ੀ ਪ੍ਰਫੁੱਲਤ ਹੋਣ ਦੇ ਮੁੱਖ ਕਾਰਨ ਹਨ : ਅਗਾਂਹਵਧੂ ਤੇ ਆਧੁਨਿਕ ਜਾਪਣ ਦੇ ਵਿਖਾਵੇ ਵਿਚ ਪੱਛਮ ਦੀ ਨਕਲ ਕਰਨ ਦੀ ਸਾਡੀ ਪੁੱਠੀ ਚਾਲ, ਪਰੰਪਰਾਗਤ ਸਦਾਚਾਰਕ, ਨੈਤਿਕ ਤੇ ਧਾਰਮਿਕ ਕਦਰਾਂ-ਨਵਾਜ਼ ਨੀਤੀ ਅਤੇ ਸਿਨੇਮਾ ਤੇ ਕੇਬਲ ਟੀ.ਵੀ. ਰਾਹੀਂ ਸ਼ਰਾਬ ਦੇ ਹੱਕ ਵਿਚ ਜ਼ਬਰਦਸਤ, ਬੇਰੋਕ ਤੇ ਗੁੰਮਰਾਹ-ਕੁਨ ਇਸ਼ਤਿਹਾਰਬਾਜ਼ੀ। ਪੰਜਾਬ ਦੇ ਪਿੰਡਾਂ ਵਿਚ ਹਰੀ ਕ੍ਰਾਂਤੀ ਕਾਰਨ ਆਈ ਖੁਸ਼ਹਾਲੀ ਨੇ ਵੀ ਇਸ ਨੂੰ ਵਧਾਵਾ ਦਿੱਤਾ ਹੈ। ਪੱਛਮੀ ਸਭਿਅਤਾ ਦੀ ਚਕਾ-ਚੌਂਧ ਵਿਚ ਗਵਾਚ ਕੇ ਅਸੀਂ ਅਮੀਰ ਵਿਰਸੇ ਨੂੰ ਭੁੱਲ ਗਏ ਹਾਂ। ਉਨ੍ਹਾਂ ਦੇ ਮਾੜੇ ਤੌਰ-ਤਰੀਕਿਆਂ ਪਿੱਛੇ ਤਾਂ ਅਸੀਂ ਲੱਗ ਤੁਰੇ ਹਾਂ, ਸਖ਼ਤ ਮਿਹਨਤ, ਵਕਤ ਦੀ ਪਾਬੰਦੀ ਤੇ ਫ਼ਰਜ਼-ਸ਼ਨਾਸੀ ਵਰਗੇ ਗੁਣਾਂ ਤੋਂ ਅਭਿੱਜ ਰਹੇ ਹਾਂ। ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਸ਼ਰਾਬਨੋਸ਼ੀ ਅਤੇ ਅੰਗ੍ਰੇਜ਼ੀ ਵਿਚ ਗਿਟ ਮਿਟ ਕਰਨ

ਵਿਚ ਅਸੀਂ ਆਪਣੀ ਸ਼ਾਨ ਸਮਝਦੇ ਹਾਂ।

ਪਹਿਲੇ ਕੁਝ ਧਾਰਮਿਕ ਵਿਸ਼ਵਾਸ ਸਨ, ਸਮਾਜ ਵਲੋਂ ਕੁਝ ਬੰਦਸ਼ਾਂ ਤੇ ਰੋਕਾਂ ਸਨ, ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਸਨ, ਜਿਨ੍ਹਾਂ ਤੋਂ ਸਦਾਚਾਰਕ ਤੇ ਅਨੁਸ਼ਾਸਤ ਜੀਵਨ ਲਈ ਲੋਕ ਸੇਧ ਲੈਂਦੇ ਸਨ। ਨਵੀਂ ਪੀੜ੍ਹੀ ਨੇ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਰੱਦ ਕਰ ਦਿੱਤੀਆਂ ਹਨ। ਪਿੰਡਾਂ ਵਿਚ ਕੋਈ ਪਿਉ ਪੁੱਤ ਆਹਮੋ-ਸਾਮ੍ਹਣੇ ਬੈਠ ਸ਼ਰਾਬ ਨਹੀਂ ਸੀ ਪੀਂਦਾ, ਅਤੇ ਨਾ ਹੀ ਕੋਈ ਪੁੱਤ ਪੀ ਕੇ ਬਜ਼ੁਰਗਾਂ ਸਾਹਮਣੇ ਆਉਣ ਦੀ ਜੁੱਰਤ ਕਰਦਾ ਸੀ। ਹੁਣ ਬਾਬਾ ਪੋਤੇ ਨੂੰ ਗਲਾਸੀ ਪੇਸ਼ ਕਰਦਾ ਹੈ, ਅਤੇ ਤਿੰਨ ਪੀੜ੍ਹੀਆਂ ਰਲ ਕੇ ਪੀਂਦੀਆਂ ਹਨ।

ਚੰਗੇ ਭਾਗਾਂ ਨੂੰ ਭਾਰਤੀ ਨਾਰੀ ਅਜੇ ਇਸ ਸ਼ੌਕ ਤੋਂ ਲਗਭਗ ਬਚੀ ਹੋਈ ਹੈ, ਪਰੰਤੂ ਆਪਣੇ ਆਪ ਨੂੰ ਉੱਨਤ ਅਤੇ ਅਤਿ ਆਧੁਨਿਕ ਸਮਝਣ ਵਾਲੇ ਤਬਕੇ ਵਿਚ ਇਸਦੀ ਸ਼ੁਰੂਆਤ ਹੋ ਚੁੱਕੀ ਹੈ। ਕਲੱਬਾਂ ਵਿਚ ਜਾਣ ਵਾਲੀਆਂ ਉਹਨਾਂ ਦੀਆਂ ਪਤਨੀਆਂ ਤੇ ਨੂੰਹਾਂ, ਧੀਆਂ, ਹੋਸਟਲਵਾਸੀ ਉੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਵਿਦਿਆਰਥਣਾਂ ਅਤੇ ਅਫਸਰ ਔਰਤਾਂ ਵਿਚੋਂ ਕਈ ਰਲ ਕੇ, ਜਾਂ ਤਨਹਾਈ ਵਿਚ, ਕਦੀ ਕਦੀ ਸ਼ਰਾਬ ਦੀਆਂ ਚੁਸਕੀਆਂ ਲੈ ਲੈਂਦੀਆਂ ਹਨ।

ਦਸ ਕੁ ਸਾਲ ਪਹਿਲੇ ਦੀ ਗੱਲ ਹੈ। ਚੰਡੀਗੜ੍ਹ ਦੇ ਇਕ ਪ੍ਰੋਫੈਸ਼ਨਲ ਕਾਲਜ ਦੇ ਹੋਸਟਲ ਵਿਚ ਇਕ ਰਾਤ ਕੁਝ ਮੁੰਡਿਆਂ ਨੇ ਸ਼ਰਾਬ ਪੀ ਕੇ ਹੁੱਲੜਬਾਜ਼ੀ ਕੀਤੀ। ਪ੍ਰਿੰਸੀਪਲ ਨੇ ਦੋਸ਼ੀ ਵਿਦਿਆਰਥੀਆਂ ਦੇ ਘਰ ਵਿਚ ਇਸ ਬਾਰੇ ਚਿੱਠੀਆਂ ਲਿਖ ਭੇਜੀਆਂ। ਇਕ ਮੁੰਡੇ ਦਾ ਪਿਤਾ, ਜੋ ਕਰਨਲ ਸੀ, ਉਲਟਾ ਰੋਸ ਪ੍ਰਗਟ ਕਰਨ ਆਇਆ। ਉਸ ਦਾ ਸ਼ਿਕਵਾ ਸੀ, "ਕੀ ਹੋਇਆ ਜੇ ਮੁੰਡਿਆਂ ਨੇ ਰਲ ਕੇ ਹੱਸ ਖੇਡ ਲਿਆ ? ਕਦੀ ਕਦੀ ਥੋੜ੍ਹੀ ਪੀ ਲੈਣਾ ਕੋਈ ਬੁਰੀ ਗੱਲ ਤਾਂ ਨਹੀਂ ! ਮੈਂ ਆਪਣੇ ਬੇਟੇ ਨੂੰ ਇਸ ਦੀ ਇਜਾਜ਼ਤ ਦਿੱਤੀ ਹੋਈ ਹੈ।"

ਮਹਾਤਮਾ ਗਾਂਧੀ ਸ਼ਰਾਬਨੋਸ਼ੀ ਦੇ ਕੱਟੜ ਵਿਰੋਧੀ ਸਨ। ਆਪਣੇ ਮਾਸਿਕ ਪੱਤਰ 'ਯੰਗ ਇੰਡੀਆ' ਵਿਚ ਤਰਕ-ਪੂਰਨ ਢੰਗ ਨਾਲ ਉਹ ਇਸ ਦੀ ਸਖ਼ਤ ਨਿੰਦਿਆ ਕਰਦੇ ਰਹੇ ਸਨ। ਉਨ੍ਹਾਂ ਅਨੁਸਾਰ ਸ਼ਰਾਬ ਸਰੀਰ ਤੇ ਆਤਮਾ ਦੁਹਾਂ ਦਾ ਨਾਸ਼ ਕਰਦੀ ਹੈ। ਇਕ ਥਾਂ ਉਹ ਲਿਖਦੇ ਹਨ :

"I consider drink more damnable than thieving and even prostitution. Is it not often the parent of both?"

**(ਮੈਂ ਸ਼ਰਾਬਨੋਸ਼ੀ ਨੂੰ ਚੋਰੀ-ਚਕਾਰੀ ਅਤੇ ਵੇਸਵਾਵ੍ਰਿਤੀ ਤੋਂ ਵੀ ਵਧੇਰੇ ਤ੍ਰਿਸਕਾਰ- ਯੋਗ ਸਮਝਦਾ ਹਾਂ। ਕੀ ਇਹ ਉਨ੍ਹਾਂ ਦੁਹਾਂ ਦੀ ਜਣਨੀ ਨਹੀਂ ?)**

ਆਪਣੇ ਚਹੇਤੇ 'ਰਾਮ ਰਾਜਯ' ਦੀ ਜੋ ਰੂਪ-ਰੇਖਾ ਗਾਂਧੀ ਜੀ ਨੇ ਆਪਣੇ ਮਨ ਵਿਚ ਉਲੀਕੀ ਸੀ, ਉਸ ਵਿਚ ਸ਼ਰਾਬ ਦੀ ਕਿਤੇ ਥਾਂ ਨਹੀਂ ਸੀ। ਉਹ ਆਜ਼ਾਦ ਭਾਰਤ ਵਿਚ ਮੁਕੰਮਲ ਸ਼ਰਾਬਬੰਦੀ ਦੇਖਣਾ ਚਾਹੁੰਦੇ ਸਨ, ਅਤੇ ਉਨ੍ਹਾਂ ਦੇ ਸਹਿਯੋਗੀ ਸੁਤੰਤਰਤਾ-ਸੰਗ੍ਰਾਮੀਏ ਪੂਰੀ ਤਰ੍ਹਾਂ ਉਨ੍ਹਾਂ ਨਾਲ ਸਹਿਮਤ ਸਨ। ਪਰੰਤੂ ਦੇਸ਼ ਆਜ਼ਾਦ ਹੋਣ ਤੋਂ ਛੇਤੀ ਬਾਅਦ ਗਾਂਧੀ ਜੀ ਦੇ ਅੱਖਾਂ ਮੀਟਦਿਆਂ ਸਾਰ ਹੀ ਇਹ ਪ੍ਰਤਿੱਗਿਆ ਵਿਸਾਰ ਦਿੱਤੀ ਗਈ।

ਭਾਵੇਂ ਭਾਰਤੀ ਸੰਵਿਧਾਨ ਵਿਚ ਨਸ਼ਾਬੰਦੀ ਦਾ ਸਰਕਾਰ ਦਾ ਲਕਸ਼ ਅੰਕਿਤ ਹੈ, ਪਰ ਵਾਸਤਵ ਵਿਚ ਉਸ ਦੀ ਨੀਤੀ ਸ਼ਰਾਬ-ਨਵਾਜ਼ ਹੀ ਰਹੀ ਹੈ। ਸਰਕਾਰਾਂ ਵਲੋਂ ਵੱਧ ਤੋਂ ਵੱਧ ਸ਼ਰਾਬ-ਕਰ ਵਸੂਲਣ ਦੇ ਲਾਲਚ ਵਿਚ ਧੜਾ ਧੜ ਦੇਸੀ ਤੇ ਅੰਗ੍ਰੇਜ਼ੀ ਸ਼ਰਾਬ ਦੇ ਠੇਕੇ ਤੇ ਹਾਤੇ (ਕਈ ਥਾਈਂ ਸਥਾਨਕ ਵਸੋਂ ਦੇ ਵਿਰੋਧ ਦੇ ਬਾਵਜੂਦ) ਖੋਲ੍ਹੇ ਗਏ। ਹਰ

ਸਾਲ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਸ ਦੇ ਪਿੱਛੇ ਇਹ ਗੁਪਤ ਇੱਛਾ ਕੰਮ ਕਰਦੀ ਸਾਫ਼ ਨਜ਼ਰ ਆਉਂਦੀ ਹੈ ਕਿ ਵੱਧ ਤੋਂ ਵੱਧ ਲੋਕ ਸ਼ਰਾਬ ਪੀਣ। ਬੀਤੇ ਦਹਾਕੇ ਵਿਚ ਖਾੜਕੂਆਂ ਦੀ ਤਾੜਨਾ ਕਾਰਨ ਪੰਜਾਬ ਦੇ ਕਈ ਪੇਂਡੂ ਠੇਕੇ ਬੰਦ ਪਏ ਰਹੇ। ਸਾਡੀ ਜਨ-ਹਿਤੈਸ਼ੀ ਸਰਕਾਰ ਤੋਂ ਸ਼ਰਾਬ-ਪ੍ਰੇਮੀਆਂ ਦਾ ਇਹ ਦੁੱਖ ਜਰਿਆ ਨਾ ਗਿਆ, ਅਤੇ ਉਸਨੇ ਸ਼ਰਾਬ ਮੋਟਰ ਗੱਡੀਆਂ ਵਿਚ ਲੱਦ ਕੇ ਹਥਿਆਰਬੰਦ ਪੁਲਿਸ ਦੀ ਸੁਰੱਖਿਆ ਹੇਠ ਪਿੰਡ ਪਿੰਡ ਪਹੁੰਚਾਈ।

ਸ਼ਰਾਬ-ਕਰ ਤੋਂ ਸਰਕਾਰ ਨੂੰ ਹਰ ਸਾਲ ਅਰਬਾਂ ਰੁਪਏ ਦੀ ਆਮਦਨੀ ਹੁੰਦੀ ਹੈ, ਅਤੇ ਉਹ ਇਸ ਤੋਂ ਵੰਚਿਤ ਨਹੀਂ ਹੋਣਾ ਚਾਹੁੰਦੀ। ਇਸ ਦੇ ਹੱਕ ਵਿਚ ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਪੈਸਾ ਦੇਸ਼ ਵਿਚ ਵਿਕਾਸ ਦੇ ਕੰਮਾਂ 'ਤੇ ਖਰਚ ਕੀਤਾ ਜਾਂਦਾ ਹੈ। ਇਹ ਤੱਥ ਉੱਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ ਕਿ ਸਮੁੱਚੇ ਕਰ ਨਾਲੋਂ ਕਿਤੇ ਵੱਧ ਰਕਮ ਗਾਹਕ ਸ਼ਰਾਬ ਦੀ ਖਰੀਦ 'ਤੇ ਖ਼ਰਚ ਕਰਦੇ ਹਨ ਤਾਂ ਹੀ ਕਰ ਸਰਕਾਰ ਨੂੰ ਪ੍ਰਾਪਤ ਹੁੰਦਾ ਹੈ। (ਗਾਹਕਾਂ ਦੀ ਬਹੁਗਿਣਤੀ ਗ਼ਰੀਬ ਮਜ਼ਦੂਰਾਂ ਤੇ ਕਿਰਤੀ ਕਾਮਿਆਂ ਦੀ ਹੁੰਦੀ ਹੈ, ਜੋ ਆਪਣੇ ਖ਼ੂਨ-ਪਸੀਨੇ ਦੀ ਕਮਾਈ ਠੇਕਿਆਂ 'ਤੇ ਰੋੜ੍ਹ ਆਉਂਦੇ ਹਨ, ਅਤੇ ਇਸ ਕਾਰਨ ਗ਼ਰੀਬੀ ਦੀਆਂ ਜ਼ੰਜੀਰਾਂ ਤੋੜ ਨਹੀਂ ਪਾਉਂਦੇ। ਗ਼ਰੀਬਾਂ ਤੋਂ ਬਟੋਰੇ ਇਸ ਕਰ ਨੂੰ ਜੇ ਕਾਲਾ ਧਨ ਕਹੀਏ ਤਾਂ ਕੋਈ ਗ਼ਲਤ ਨਹੀਂ ਹੋਏਗਾ।)

ਦੇਸ਼ ਵਿਚ ਵਿਆਪਕ ਸ਼ਰਾਬਨੋਸ਼ੀ ਕਾਰਨ ਰੋਗ-ਦਰ, ਮ੍ਰਿਤੂ-ਦਰ, ਹਾਦਸੇ, ਭ੍ਰਿਸ਼ਟਾਚਾਰ ਤੇ ਹੋਰ ਅਪਰਾਧ ਵਧਦੇ ਹਨ। ਜਨ-ਸਾਧਾਰਨ ਦੀ ਸਿਹਤ ਦੇ ਮਿਆਰ ਤੇ ਕਮਾਊ-ਸ਼ਕਤੀ ਨੂੰ ਢਾਹ ਲਗਦੀ ਹੈ, ਅਤੇ ਫਲਸਰੂਪ ਰਾਸ਼ਟਰੀ ਉਪਜ ਘਟਦੀ ਹੈ। ਸਿਹਤ ਸੇਵਾਵਾਂ ਤੇ ਅਮਨ ਕਾਨੂੰਨ ਵਿਵਸਥਾ 'ਤੇ ਵਾਧੂ ਭਾਰ ਪੈਂਦਾ ਹੈ। ਜੇ ਸ਼ਰਾਬ ਨੂੰ ਦੇਸ਼-ਨਿਕਾਲਾ ਦੇ ਦਿੱਤਾ ਜਾਏ ਤਾਂ ਦੇਸ਼ ਵਧੇਰੇ ਖੁਸ਼ਹਾਲ, ਤੰਦਰੁਸਤ ਤੇ ਨੈਤਿਕ ਪੱਖੋਂ ਅਮੀਰ ਬਣੇਗਾ। ਸ਼ਰਾਬ-ਕਰ ਦਾ ਖ਼ਸਾਰਾ ਆਪਣੇ ਆਪ ਪੂਰਾ ਹੋ ਜਾਏਗਾ। ਬਾਕੀ ਰਹੀਆਂ ਇਹ ਦਲੀਲਾਂ ਕਿ ਸ਼ਰਾਬਬੰਦੀ ਦੇ ਨਤੀਜੇ ਵਜੋਂ ਨਾਜਾਇਜ਼ ਸ਼ਰਾਬ ਦਾ ਧੰਦਾ ਵਧੇਗਾ, ਲੋਕ ਦੂਜੇ ਡਰੱਗਜ਼ ਲੈਣ ਲੱਗ ਪੈਣਗੇ, ਅਤੇ ਇਸ ਵੇਲੇ ਸ਼ਰਾਬ ਦੇ ਨਿਰਮਾਣ ਤੇ ਵਿਕਰੀ ਨਾਲ ਜੁੜੇ ਸਾਰੇ ਵਿਅਕਤੀ ਬੇਰੋਜ਼ਗਾਰ ਹੋ ਜਾਣਗੇ, ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣਾ ਇਕ ਵਚਨਬੱਧ ਤੇ ਦ੍ਰਿੜ੍ਹ-ਸੰਕਲਪ ਸਰਕਾਰ ਲਈ ਕੋਈ ਮੁਸ਼ਕਲ ਨਹੀਂ।

ਸ਼ਰਾਬਬੰਦੀ ਹਰ ਹਾਲਤ ਵਿਚ ਦੇਸ਼ ਤੇ ਕੌਮ ਲਈ ਲਾਹੇਵੰਦ ਹੋਏਗੀ, ਪਰੰਤੂ ਇਹ ਪੂਰੇ ਦੇਸ਼ ਵਿਚ ਇਕੋ ਸਮੇਂ ਲਾਗੂ ਹੋਣੀ ਚਾਹੀਦੀ ਹੈ। ਇਹਦੇ ਰਾਹ ਦਾ ਵੱਡਾ ਰੋੜਾ ਸਿਆਸੀ ਇਰਾਦੇ ਦਾ ਅਭਾਵ ਹੈ। ਸਾਡੇ ਬਹੁਤ ਸਾਰੇ ਨੇਤਾ, ਉੱਚੇ ਪਦ-ਅਧਿਕਾਰੀ ਅਤੇ ਅਮਨ-ਕਾਨੂੰਨ ਦੇ ਰਾਖੇ ਅਖਵਾਉਣ ਵਾਲੇ ਕਰਮਚਾਰੀ ਸ਼ਰਾਬ ਦੇ ਮਤਵਾਲੇ ਹਨ। ਉਨ੍ਹਾਂ ਦੀ ਹਾਰਦਿਕ ਇੱਛਾ ਹੈ ਕਿ ਅੱਵਲ ਤਾਂ ਸ਼ਰਾਬਬੰਦੀ ਲਾਗੂ ਨਾ ਹੋਵੇ, ਅਤੇ ਜੇ ਲਾਗੂ ਕਰ ਵੀ ਦਿੱਤੀ ਜਾਏ, ਤਾਂ ਕਾਮਯਾਬ ਨਾ ਹੋਵੇ।

ਸ਼ਰਾਬਨੋਸ਼ੀ ਦੇ ਬੇਮੁਹਾਰੇ ਵਾਧੇ ਲਈ ਸਿਨੇਮਾ ਤੇ ਟੀ.ਵੀ. ਸੀਰੀਅਲਾਂ ਦੇ ਨਵੇਂ ਰੁਝਾਨ ਵੀ ਜ਼ਿੰਮੇਵਾਰ ਹਨ। ਇਨ੍ਹਾਂ ਵਿਚ ਸਹੀ ਮਾਅਨਿਆਂ ਵਿਚ ਨਾ ਤਾਂ ਕਲਾ ਹੈ, ਨਾ ਸੰਗੀਤ ਅਤੇ ਨਾ ਹੀ ਉੱਤਮ ਭਾਵਨਾਵਾਂ ਉਭਾਰਨ ਵਾਲੀ ਕੋਈ ਖ਼ੂਬੀ। ਹਿੰਸਾ, ਨੰਗੇਜ, ਅੱਯਾਸ਼ੀ, ਕਾਮ-ਭੜਕਾਊ ਤੇ ਬੇਹੂਦਾ ਹਰਕਤਾਂ ਦੇ ਦ੍ਰਿਸ਼ ਅਤੇ ਅਸ਼ਲੀਲ ਵਾਰਤਾਲਾਪ ਤੇ ਗਾਣੇ ਇਨ੍ਹਾਂ ਵਿਚ ਪ੍ਰਧਾਨ ਹੁੰਦੇ ਹਨ। ਫ਼ੈਸ਼ਨੇਬਲ ਮਰਦਾਂ ਤੀਵੀਆਂ ਤੇ ਮੁੰਡੇ ਕੁੜੀਆਂ ਦਾ ਇਕੱਠੇ

ਸਿਗਰਟ ਤੇ ਸ਼ਰਾਬ ਪੀਣਾ ਇਹ ਗੌਰਵਮਈ ਸ਼ੁਗਲ ਦੇ ਰੂਪ ਵਿਚ ਦਰਸਾਇਆ ਜਾਂਦਾ ਹੈ। ਆਪਣੇ ਪ੍ਰਿਯ ਕਲਾਕਾਰਾਂ ਨੂੰ ਇਹ ਕੁਝ ਕਰਦੇ ਦੇਖ ਅੱਲ੍ਹੜ ਜਵਾਨੀਆਂ ਅਕਸਰ ਪੱਥ-ਭ੍ਰਸ਼ਟ ਹੋ ਜਾਂਦੀਆਂ ਹਨ।

ਸ਼ਰਾਬ ਤੇ ਸਿਗਰਟ ਦੀਆਂ ਨਿਰਮਾਤਾ ਕੰਪਨੀਆਂ ਦਾ ਇਕੋ-ਇਕ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਅਮਲ ਲਾ ਕੇ ਮਗਰੋਂ ਉਨ੍ਹਾਂ ਦਾ ਰੱਜਵਾਂ ਸ਼ੋਸ਼ਣ ਕਰਨਾ ਹੁੰਦਾ ਹੈ। ਯੁਵਾ ਵਰਗ ਉੱਤੇ ਉਨ੍ਹਾਂ ਦੀ ਲਲਚਾਈ ਨਜ਼ਰ ਹਮੇਸ਼ਾ ਰਹਿੰਦੀ ਹੈ। ਨਵੀਨ ਤਰੀਕਿਆਂ ਨਾਲ ਇਸ਼ਤਿਹਾਰਬਾਜ਼ੀ 'ਤੇ ਬੇ-ਇੰਤਹਾ ਰੁਪਿਆ ਖਰਚ ਕਰਕੇ ਉਹ ਉਨ੍ਹਾਂ ਨੂੰ ਫਾਹੁੰਦੇ ਹਨ। ਦੂਰਦਰਸ਼ਨ ਉਨ੍ਹਾਂ ਦੇ ਵਿਗਿਆਪਨ ਨਹੀਂ ਲੈਂਦਾ ਤਾਂ ਉਨ੍ਹਾਂ ਦੀ ਸਿਹਤ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਅੰਤਰਰਾਸ਼ਟਰੀ ਖੇਡਾਂ, ਕਲਾ ਪ੍ਰਦਰਸ਼ਨੀਆਂ ਆਦਿ ਨੂੰ ਸਪਾਂਸਰ ਕਰਕੇ ਅਸਿੱਧੇ ਢੰਗ ਨਾਲ ਆਪਣੀ ਇਸ਼ਤਿਹਾਰਬਾਜ਼ੀ ਕਰ ਲੈਂਦੇ ਹਨ। ਇਹ ਮੈਚ ਤੇ ਸਮਾਰੋਹ, ਸਮੁੱਚੇ ਜਾਂ ਝਲਕੀਆਂ ਦੇ ਰੂਪ ਵਿਚ, ਦੂਰਦਰਸ਼ਨ 'ਤੇ ਵੀ ਪ੍ਰਸਾਰਤ ਹੁੰਦੇ ਹਨ। ਅਖ਼ਬਾਰਾਂ ਤੇ ਰਸਾਲਿਆਂ ਵਿਚ ਵੀ ਇਹ ਕੰਪਨੀਆਂ ਆਪਣੇ ਖ਼ੂਬਸੂਰਤ ਤੇ ਰੰਗੀਨ ਸਚਿੱਤਰ ਇਸ਼ਤਿਹਾਰ ਛਪਵਾਉਂਦੀਆਂ ਹਨ। ਉਹ ਕੁਇਜ਼ ਜਾਰੀ ਕਰਦੀਆਂ ਹਨ, ਤੇ ਗਿਫ਼ਟ ਕੂਪਨ ਵੰਡਦੀਆਂ ਹਨ। ਸਰਕਾਰ ਇਸ ਦੀ ਮੂਕ ਦਰਸ਼ਕ ਬਣੀ ਹੋਈ ਹੈ। ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਵਿਚ ਕਾਫੀ ਅਰਸੇ ਤੋਂ 'ਵਿਲਜ਼' ਨਾਮੀ ਸਿਗਰਟ ਕੰਪਨੀ ਭਾਰਤੀ ਟੀਮ ਨੂੰ ਸਪਾਂਸਰ ਕਰਦੀ ਆ ਰਹੀ ਹੈ। ਖਿਡਾਰੀ ਜੋ ਸ਼ਰਟਾਂ ਪਹਿਨਦੇ ਹਨ, ਉਨ੍ਹਾਂ ਉੱਤੇ ਮੋਟੇ ਅੱਖਰਾਂ ਵਿਚ ਛਪਿਆ ਹੁੰਦਾ ਹੈ। ਇਸ ਤਰ੍ਹਾਂ ਉਹ ਇਕ ਵਿਸ਼ੇਸ਼ ਮਾਰਕਾ ਦੇ ਸਿਗਰਟ ਦੇ ਤੁਰਦੇ-ਫਿਰਦੇ ਇਸ਼ਤਿਹਾਰ ਬਣ ਜਾਂਦੇ ਹਨ। ਟੀਮ ਵਿਚ ਕੋਈ ਸਿੱਖ ਖਿਡਾਰੀ ਹੋਵੇ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਂਦਾ।

WILLS ਦੇ ਵੱਡੇ-ਵੱਡੇ ਬੋਰਡ ਵੀ ਸਟੇਡੀਅਮ ਦੇ ਕਿਨਾਰੇ ਸਜੇ ਹੁੰਦੇ ਹਨ। ਉਕਤ ਸਾਰੀ ਕਾਰਵਾਈ ਦਾ ਉਦੇਸ਼ ਇਹ ਹੈ ਕਿ ਸ਼ਰਾਬੀ ਤੇ ਨਸ਼ੱਈ ਕਲਚਰ ਲਿਆਉਣ ਵਿਚ ਜੇ ਕੋਈ ਕਸਰ ਬਾਕੀ ਹੈ ਤਾਂ ਉਹ ਪੂਰੀ ਹੋ ਜਾਏ।

ਸੋਸ਼ਲ ਡ੍ਰਿੰਕਿੰਗ ਦੇ ਹੱਕ ਵਿਚ ਆਮ ਤੌਰ 'ਤੇ ਨਿਮਨ ਲਿਖਤ ਦਲੀਲਾਂ ਦਿੱਤੀਆਂ ਜਾਂਦੀਆਂ ਹਨ:

"ਸ਼ਰਾਬ ਕੋਈ ਮਾੜੀ ਸ਼ੈ ਨਹੀਂ, ਜੇ ਜ਼ਰਾ ਹਿਸਾਬ ਦੀ ਪੀਤੀ ਜਾਏ। ਇਸ ਨਾਲ ਮਨੋਰੰਜਨ ਵੀ ਹੋ ਜਾਂਦਾ ਹੈ ਅਤੇ ਆਪਸੀ ਮੇਲ-ਮਿਲਾਪ ਤੇ ਅਸਰ-ਰਸੂਖ ਵਧਦਾ ਹੈ। ਸੰਜਮ ਦੀ ਸ਼ਰਾਬਨੋਸ਼ੀ ਦੇਹ ਨੂੰ ਅਰੋਗ ਰੱਖਦੀ ਹੈ, ਅਤੇ ਇਕ ਟਾਨਿਕ ਦਾ ਕੰਮ ਕਰਦੀ ਹੈ। ਅਸੀਂ ਪੀਂਦੇ ਹਾਂ, ਪਰੰਤੂ ਸ਼ਰਾਬ ਦੇ ਆਦੀ ਨਹੀਂ। ਅਸੀਂ ਇਸ ਦੇ ਵੱਸ ਵਿਚ ਨਹੀਂ, ਸਗੋਂ ਇਸ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ, ਇਤਿਆਦਿ।" ਆਓ ਇਨ੍ਹਾਂ ਦਾਅਵਿਆਂ ਨੂੰ ਤਰਕ ਤੇ ਵਿਗਿਆਨ ਦੀ ਕਸੌਟੀ 'ਤੇ ਪਰਖੀਏ। ਭਾਰਤੀ ਸਭਿਆਚਾਰ ਵਿਚ ਸ਼ਰਾਬਨੋਸ਼ੀ ਮੁੱਖ ਰੂਪ ਵਿਚ ਨਰ ਵਿਵਹਾਰ ਹੈ। ਭਾਵੇਂ ਪੱਛਮੀ ਰੰਗ ਵਿਚ ਰੰਗੇ ਆਧੁਨਿਕ ਪਰਿਵਾਰਾਂ ਦੀਆਂ ਨਾਰੀਆਂ ਵਿਚ ਇਸ ਦੀ ਪਿਰਤ ਪੈ ਚੁੱਕੀ ਹੈ, ਅਤੇ ਉਹ ਕਲੱਬਾਂ ਤੇ ਕਾਕਟੇਲ ਪਾਰਟੀਆਂ ਵਿਚ ਇਸ ਸ਼ੁਗਲ ਵਿਚ ਮਰਦਾਂ ਦਾ ਸਾਥ ਦੇਂਦੀਆਂ ਹਨ, ਪਰ ਅਜਿਹੇ ਪਰਿਵਾਰ ਆਟੇ ਵਿਚ ਲੂਣ ਦੇ ਬਰਾਬਰ ਹਨ। ਜ਼ਿਆਦਾਤਰ ਮਰਦ ਆਪ ਸ਼ਰਾਬ ਦੇ ਸ਼ੌਕੀਨ ਹੋਣ ਦੇ ਬਾਵਜੂਦ, ਇਸਤਰੀਆਂ ਦੁਆਰਾ ਇਸ ਦੇ ਸੇਵਨ ਨੂੰ ਬੇਹਯਾਈ ਦੀ ਇਲਾਮਤ ਸਮਝਦੇ ਹਨ। ਜੋ ਮਰਦ ਇਹ ਕਹਿੰਦੇ ਹਨ ਕਿ ਸ਼ਰਾਬ ਕੋਈ ਮਾੜੀ ਚੀਜ਼ ਨਹੀਂ, ਆਪਣੀ ਪਤਨੀ ਜਾਂ ਬਹੂ ਬੇਟੀਆਂ ਨੂੰ ਇਸ ਦੀ ਆਗਿਆ ਕਿਉਂ ਨਹੀਂ ਦੇਂਦੇ? ਜੇ ਸ਼ਰਾਬ ਖ਼ੁਦ ਉਨ੍ਹਾਂ ਲਈ ਇਕ ਨਿਆਮਤ ਹੈ, ਤਾਂ ਉਨ੍ਹਾਂ ਦੀਆਂ ਬਹੂ-ਬੇਟੀਆਂ ਲਈ ਲਾਹਨਤ ਕਿਵੇਂ ਹੋਈ?

ਜਿੱਥੋਂ ਤੱਕ ਹਿਸਾਬ ਨਾਲ ਪੀਣ ਦੀ ਗੱਲ ਹੈ, ਕਥਿਤ ਸੋਸ਼ਲ ਡ੍ਰਿੰਕਰ ਅਮਲੀ ਨਾ ਹੁੰਦਿਆਂ ਵੀ, ਮਾਹੌਲ ਤੇ ਮੂਡ ਅਨੁਸਾਰ ਕਈ ਵਾਰ ਕੁਝ ਜ਼ਿਆਦਾ ਹੀ ਪੀ ਜਾਂਦੇ ਹਨ, ਅਤੇ ਨਸ਼ੇ ਵਿਚ ਬੇਹੂਦਾ ਹਰਕਤਾਂ ਕਰਦੇ ਹਨ। ਅਜਿਹੇ ਮਾਮਲੇ ਆਏ ਦਿਨ ਹੁੰਦੇ ਰਹਿੰਦੇ ਹਨ। ਕਾਕਟੇਲ ਪਾਰਟੀਆਂ ਅਤੇ ਹਵਾਈ ਸਫ਼ਰ ਵਿਚ ਔਰਤਾਂ ਨਾਲ ਛੇੜ-ਛਾੜ ਦੇ ਕਥਿਤ ਦੋਸ਼ ਵਿਚ ਪਤਵੰਤੇ ਸੱਜਣਾਂ ਤੇ ਉੱਚ ਪਦ-ਅਧਿਕਾਰੀਆਂ ਨੂੰ ਅਦਾਲਤਾਂ ਦੇ ਕਟਹਿਰੇ ਵਿਚ ਖਲੋਣਾ ਪਿਆ, ਤੇ ਸਜ਼ਾਵਾਂ ਵੀ ਸੁਣਾਈਆਂ ਗਈਆਂ ਹਨ।

ਸੋਸ਼ਲ ਡ੍ਰਿੰਕਿੰਗ ਵਿਅਕਤੀਗਤ ਜਾਂ ਸਮੂਹਕ ਮਨੋਰੰਜਨ ਦਾ ਇਕ-ਮਾਤਰ ਸ੍ਰੋਤ ਤਾਂ ਨਹੀਂ। ਹੋਰ ਵੀ ਤਾਂ ਇਸ ਦੇ ਅਨੇਕ ਤਰੀਕੇ ਹਨ। ਸ਼ਰਾਬ ਪੀ ਕੇ ਜੋ ਖੁਸ਼ੀ ਮਿਲਦੀ ਹੈ, ਉਹ ਨਿੱਗਰ ਨਹੀਂ ਹੁੰਦੀ, ਸਗੋਂ ਛਿੰਨ-ਭੰਗਰ ਤੇ ਛਲਾਵਾ-ਮਾਤਰ ਹੁੰਦੀ ਹੈ। ਸਵੱਛ ਤੇ ਸੰਤੁਲਿਤ ਵਿਚਾਰਧਾਰਾ, ਸ਼ੁੱਭ ਕਰਮ ਅਤੇ ਨਿਰਦੋਸ਼ ਰੁਚੀਆਂ ਤੇ ਸ਼ੌਕ, ਪ੍ਰਸੰਨ ਤੇ ਸੰਤੁਸ਼ਟ ਜੀਵਨ ਦੀ ਆਧਾਰਸ਼ਿਲਾ ਹੁੰਦੇ ਹਨ, ਅਤੇ ਮਨ ਨੂੰ ਟਿਕਾਉ, ਚੜ੍ਹਦੀਆਂ ਕਲਾਂ ਤੇ ਖੇੜੇ ਵਿਚ ਰੱਖਦੇ ਹਨ। ਜੋ ਸ਼ਰਾਬ ਤੋਂ ਪਰਹੇਜ਼ ਕਰਦੇ ਹਨ, ਉਨ੍ਹਾਂ ਦੀ ਸਮਾਜ ਵਿਚ ਵਧੇਰੇ ਇੱਜ਼ਤ ਹੁੰਦੀ ਹੈ, ਮੇਲ-ਜੋਲ ਤੇ ਅਸਰ-ਰਸੂਖ ਹੁੰਦਾ ਹੈ। ਨੀਰਸ ਤੇ ਉਦਾਸ ਜੀਵਨ ਬਤੀਤ ਨਹੀਂ ਕਰਦੇ। ਸ਼ਰਾਬ ਕਿਸੇ ਸਮੱਸਿਆ ਦਾ ਵਾਸਤਵਿਕ ਹੱਲ ਨਹੀਂ। ਸ਼ਰਾਬ ਦੇ ਸ਼ੌਕੀਨ ਦੁਖਦਾਈ ਸਮੱਸਿਆ ਨੂੰ ਜਾਮ ਵਿਚ ਡੋਬ ਦੇਣਾ ਚਾਹੁੰਦੇ ਹਨ, ਪਰ ਸਮੱਸਿਆ ਜਿਉਂ ਦੀ ਤਿਉਂ ਮੌਜੂਦ ਰਹਿੰਦੀ ਹੈ। ਇਸ ਨੂੰ ਸਾਰਥਕ ਢੰਗ ਨਾਲ ਹੱਲ ਕਰਨ ਦੀ ਥਾਂ ਉਹ ਪਲਾਇਨ ਦਾ ਰਾਹ ਅਪਣਾਉਂਦੇ ਹਨ।

ਸ਼ਰਾਬ ਕੋਈ ਖੁਰਾਕ ਨਹੀਂ, ਸਰੀਰ ਨੂੰ ਜਿਸ ਦੀ ਲੋੜ ਹੋਵੇ। ਇਹ ਕਹਿਣਾ ਕਿ ਸੰਜਮ ਨਾਲ ਪੀਣ ਤੋਂ ਤੰਦਰੁਸਤੀ ਵਿਚ ਵਾਧਾ ਹੁੰਦਾ ਹੈ ਅਤੇ ਇਨਸਾਨ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ, ਉੱਕਾ ਹੀ ਨਿਰਾਧਾਰ ਹੈ। ਸ਼ਰਾਬ ਪੀਣ ਨਾਲ ਅਕਸਰ ਸਰੀਰ ਮੋਟਾ ਤੇ ਬੇਡੌਲ ਹੋ ਜਾਂਦਾ ਹੈ। ਅਲਕੋਹਲ ਸਹਿਜੇ-ਸਹਿਜੇ ਮਾਰ ਕਰਨ ਵਾਲਾ ਇਕ ਜ਼ਹਿਰ ਹੈ। ਥੋੜ੍ਹੀ ਪੀਉ ਜਾਂ ਅਧਿਕ, ਸਿਹਤ ਦੀ ਗੁੱਝੀ ਜਾਂ ਪ੍ਰਤੱਖ ਹਾਨੀ ਅਵੱਸ਼ ਹੁੰਦੀ ਹੈ। ਸ਼ਰਾਬ ਬਿਮਾਰੀਆਂ ਤੇ ਬੁਰਾਈਆਂ ਦਾ ਲਸ਼ਕਰ ਆਪਣੇ ਨਾਲ ਲਿਆਉਂਦੀ ਹੈ।

ਕੁਝ ਸਾਲ ਪਹਿਲਾਂ ਇੰਗਲੈਂਡ ਵਿਚ ਕੀਤੇ ਗਏ ਇਕ ਅਧਿਐਨ ਦੀ ਰਿਪੋਰਟ ਅਖ਼ਬਾਰਾਂ ਵਿਚ ਛਪੀ ਸੀ ਜਿਸ ਅਨੁਸਾਰ ਸੰਜਮ ਨਾਲ ਪੀਣ ਵਾਲਿਆਂ ਦੀਆਂ ਲਹੂ- ਨਾੜੀਆਂ ਤੰਦਰੁਸਤ ਰਹਿੰਦੀਆਂ ਹਨ, ਅਤੇ ਪ੍ਰਹੇਜ਼ਗਾਰਾਂ ਦੀ ਤੁਲਨਾ ਵਿਚ ਹਾਰਟ ਅਟੈਕ ਉਨ੍ਹਾਂ ਨੂੰ ਘੱਟ ਹੁੰਦੇ ਹਨ। ਇਸ ਤੋਂ ਲੋਕਾਂ ਨੂੰ ਗ਼ਲਤ ਸੰਕੇਤ ਮਿਲੇ ਹਨ, ਹਾਲਾਂਕਿ ਬਾਅਦ ਵਿਚ ਹੋਏ ਅਧਿਐਨ ਤੋਂ ਸਿੱਧ ਹੋਇਆ ਹੈ ਕਿ ਸ਼ਰਾਬ ਤੋਂ ਅਜਿਹਾ ਕੋਈ ਲਾਭ ਨਹੀਂ ਹੁੰਦਾ। ਦਰਅਸਲ ਹਾਰਟ-ਅਟੈਕ ਦੀ ਪਿੱਠ-ਭੂਮੀ ਅਨੇਕ ਕਾਰਨਾਂ ਦੀ ਸਹਿ- ਹੋਂਦ ਤੋਂ ਬਣਦੀ ਹੈ, ਮੋਟਾਪਾ, ਹਾਈ ਬਲੱਡ ਪ੍ਰੈਸ਼ਰ, ਆਲਸੀ ਜੀਵਨ (ਕਸਰਤ ਦੀ ਘਾਟ), ਪੇਟੂਪਨ (ਖਾਸ ਕਰਕੇ ਥਿੰਧੇ ਤੇ ਚੀਨੀ ਦਾ ਅਧਿਕ ਉਪਭੋਗ), ਸ਼ਕਰ ਰੋਗ ਅਤੇ ਤਣਾਉਪੂਰਨ ਜ਼ਿੰਦਗੀ। ਸ਼ਰਾਬ ਪੀਣ ਵਾਲੇ ਆਮ ਤੌਰ ’ਤੇ ਸਿਗਰਟ ਦੇ ਵੀ ਸ਼ੌਕੀਨ ਹੁੰਦੇ ਹਨ। ਜੱਦੀ ਪ੍ਰਵਿਰਤੀ ਨੂੰ ਅਸੀਂ ਬਦਲ ਨਹੀਂ ਸਕਦੇ, ਪਰੰਤੂ ਦੂਜੇ ਕਾਰਨ ਸੁਚੱਜੀ ਜੀਵਨ-ਜਾਚ, ਕੁਝ ਸਾਵਧਾਨੀਆਂ ਅਤੇ ਡਾਕਟਰਾਂ ਦੇ ਦੱਸੇ ਅਨੁਸਾਰ ਦਵਾ-ਦਾਰੂ ਰਾਹੀਂ ਦੂਰ ਕੀਤੇ ਜਾਂ ਨਿਯੰਤ੍ਰਣ ਵਿਚ ਰੱਖੇ ਜਾ ਸਕਦੇ ਹਨ। ਇਨ੍ਹਾਂ ਵੱਲ ਧਿਆਨ ਨਾ ਦੇ ਕੇ, ਹਾਰਟ ਅਟੈਕ ਤੋਂ ਬਚਣ ਲਈ ਸ਼ਰਾਬ ਦਾ ਸਹਾਰਾ ਲੈਣਾ ਮੂਰਖਾਂ ਦਾ ਹੀ ਕੰਮ ਹੈ।

ਸੜਕਾਂ ਅਤੇ ਹੋਰ ਥਾਵਾਂ 'ਤੇ ਜੋ ਦੁਰਘਟਨਾਵਾਂ ਹੁੰਦੀਆਂ ਹਨ, ਅੱਧੀਆਂ ਤੋਂ ਵੱਧ ਲਈ ਸ਼ਰਾਬ ਜ਼ਿੰਮੇਵਾਰ ਹੁੰਦੀ ਹੈ। ਡਰਾਈਵਰ ਦੁਆਰਾ ਸ਼ਰਾਬ ਪੀਣ ਤੋਂ ਪੰਜ ਮਿੰਟ ਬਾਅਦ ਹੀ ਅਲਕੋਹਲ ਉਸ ਦੇ ਖ਼ੂਨ ਵਿਚ ਗਸ਼ਤ ਕਰਨ ਲਗਦੀ ਹੈ, ਅਤੇ ਨਸ਼ੇ ਦੀ ਸ਼ਿੱਦਤ ਤੇ ਦੁਰਘਟਨਾ ਦੀ ਸੰਭਾਵਨਾ ਲਹੂ ਵਿਚਲੀ ਅਲਕੋਹਲ-ਪੱਧਰ ਦੇ ਅਨੁਰੂਪ ਹੁੰਦੀ ਹੈ। ਵਿਗਿਆਨੀ ਇਸ ਗੱਲ ਨਾਲ ਸਹਿਮਤ ਹਨ ਕਿ ਕੋਈ ਵੀ ਅਲਕੋਹਲ ਪੱਧਰ, ਘੱਟ ਤੋਂ ਘੱਟ ਵੀ, ਸੁਰੱਖਿਅਤ (Safe) ਨਹੀਂ। ਇਸੇ ਲਈ ਤਾਂ ਡਰਾਈਵਰਾਂ ਨੂੰ ਇਹ ਮਸ਼ਵਰਾ ਦਿੱਤਾ ਜਾਂਦਾ ਹੈ, ਜੇ ਗੱਡੀ ਚਲਾਉਣੀ ਹੈ ਤਾਂ ਸ਼ਰਾਬ ਨਾ ਪੀਓ, ਅਤੇ ਜੇ ਪੀਤੀ ਹੋਈ ਹੈ ਤਾਂ ਗੱਡੀ ਨਾ ਚਲਾਓ। ਇਸ ਵਿਗਿਆਨਕ ਸੱਚ ਦੇ ਬਾਵਜੂਦ ਵਿਭਿੰਨ ਦੇਸ਼ਾਂ ਨੇ ਆਪਣੇ ਜ਼ਾਬਤੇ ਵਿਚ ਮੋਟੇ ਤੌਰ 'ਤੇ ਅਲਕੋਹਲ ਦੀ ਸੁਰੱਖਿਅਤ ਲਹੂ-ਪੱਧਰ ਦੀ ਹੱਦ ਨਿਰਧਾਰਿਤ ਕੀਤੀ ਹੋਈ ਹੈ, ਅਤੇ ਵੱਧ ਨਿਕਲਣ 'ਤੇ ਡਰਾਈਵਰ ਦਾ ਚਲਾਨ ਕੀਤਾ ਜਾਂਦਾ ਹੈ। ਕਈ ਮੁਲਕਾਂ ਨੇ ਇਹ ਹੱਦ 80 ਮਿਲੀਗ੍ਰਾਮ ਪ੍ਰਤੀ 100 ਮਿਲੀਲਿਟਰ ਲਹੂ (80 mg/100ml) ਰੱਖੀ ਹੋਈ ਹੈ, ਕਈਆਂ ਨੇ 50 (ਜਿਵੇਂ ਫ਼੍ਰਾਂਸ) ਅਤੇ ਕਈ ਥਾਈਂ (ਜਿਵੇਂ ਚੰਡੀਗੜ੍ਹ ਸ਼ਾਸਨ ਖੇਤਰ) ਵਿਚ 30 । ਪਿੱਛੇ ਜਿਹੇ ਫ਼ਰਾਂਸ ਵਿਚ ਬਰਤਾਨੀਆ ਦੀ ਰਾਜਕੁਮਾਰੀ ਡਾਇਨਾ ਤੇ ਉਸ ਦੇ ਕੁਝ ਸਾਥੀ ਇਕ ਕਾਰ ਹਾਦਸੇ ਵਿਚ ਮਾਰੇ ਗਏ ਸਨ। ਡਰਾਈਵਰ ਦੇ ਮ੍ਰਿਤਕ ਸਰੀਰ ਵਿਚੋਂ ਲਹੂ ਦਾ ਜੋ ਸੈਂਪਲ ਲਿਆ ਗਿਆ, ਉਸ ਵਿਚ ਅਲਕੋਹਲ ਦੀ ਪੱਧਰ 180 ਮਿਲੀਗ੍ਰਾਮ ਨਿਕਲੀ।

ਸ਼ਰਾਬ ਦੇ ਨਵੇਂ ਸ਼ੌਕੀਨ ਆਮ ਤੌਰ 'ਤੇ ਇਸ ਦੀ ਸ਼ੁਰੂਆਤ ਸੋਸ਼ਲ ਡ੍ਰਿੰਕਰ ਬਣਨ ਦੇ ਇਰਾਦੇ ਨਾਲ ਹੀ ਕਰਦੇ ਹਨ, ਪਰੰਤੂ ਉਨ੍ਹਾਂ ਵਿਚੋਂ ਘੱਟੋ-ਘੱਟ 20 ਪ੍ਰਤੀਸ਼ਤ ਸ਼ਰਾਬਨੋਸ਼ੀ 'ਤੇ ਆਪਣਾ ਕੰਟਰੋਲ ਗਵਾ ਬੈਠਦੇ ਹਨ, ਅਤੇ ਉਹ ਨਿੱਤ ਪੀਣ ਵਾਲੇ ਪੱਕੇ ਅਮਲੀ ਬਣ ਜਾਂਦੇ ਹਨ। ਪੀਣ ਲੱਗਿਆਂ ਸੋਚਦੇ ਹਨ ਕਿ ਇਕ ਦੋ ਪੈੱਗ ਪੀ ਕੇ ਬਸ ਕਰ ਦਿਆਂਗੇ, ਪਰੰਤੂ ਦੋ ਘੁੱਟ ਗਲੇ ਤੋਂ ਉਤਰਦਿਆਂ ਹੀ ਆਪਣਾ ਹੱਥ ਰੋਕ ਨਹੀਂ ਸਕਦੇ ਅਤੇ ਜਦ ਤੱਕ ਮਦਹੋਸ਼ ਨਾ ਹੋ ਜਾਣ, ਪੀਂਦੇ ਰਹਿੰਦੇ ਹਨ। ਪਹਿਲਾਂ ਕੁਝ ਪਤਾ ਨਹੀਂ ਹੁੰਦਾ ਕਿ ਨਵੇਂ ਰੰਗਰੂਟਾਂ ਵਿਚੋਂ ਕਿਹੜਾ ਅਮਲੀ ਬਣ ਜਾਏਗਾ ਅਤੇ ਕਿਹੜਾ ਸੋਸ਼ਲ ਡ੍ਰਿੰਕਰ ਬਣਿਆ ਰਹੇਗਾ।

ਬਹੁਤ ਸਾਰੇ ਸ਼ਰਾਬ ਪ੍ਰੇਮੀ ਜਿਨ੍ਹਾਂ ਵਿਚ ਅਮਲ ਦੀ ਨੀਂਹ ਪੈ ਚੁੱਕੀ ਹੁੰਦੀ ਹੈ, ਮੂੰਹੋਂ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਹ ਸ਼ਰਾਬ 'ਤੇ ਨਿਰਭਰ ਹੁੰਦੇ ਜਾ ਰਹੇ ਹਨ। ਅਕਸਰ ਉਹ ਫੜ੍ਹ ਮਾਰਦੇ ਹਨ ਕਿ ਉਹ ਰੋਜ਼ ਦੋ ਪੈੱਗ ਤੋਂ ਵੱਧ ਨਹੀਂ ਪੀਂਦੇ, ਅਤੇ ਕਦੀ ਨਾਗਾ ਵੀ ਕਰਨਾ ਪਵੇ ਤਾਂ ਕੋਈ ਦਿੱਕਤ ਮਹਿਸੂਸ ਨਹੀਂ ਹੁੰਦੀ। ਨਾਲ ਹੀ ਉਹ ਇਸ ਦੇ ਕੁਝ ਮਨ-ਘੜਤ ਫ਼ਾਇਦੇ ਬਿਆਨ ਕਰਕੇ ਆਪਣੇ ਇਸ ਦਸਤੂਰ ਨੂੰ ਹੱਕ-ਬਜਾਨਬ ਵੀ ਠਹਿਰਾਉਂਦੇ ਹਨ। ਡਾਕਟਰ ਹੋਣ ਦੇ ਨਾਤੇ ਮੈਨੂੰ ਅਜਿਹੇ ਕਈ ਸੱਜਣਾਂ ਦੀ ਬੀਮਾਰੀ ਦੌਰਾਨ ਮਹੀਨੇ-ਡੇਢ ਲਈ ਸ਼ਰਾਬ ਦੀ ਸਖਤ ਮਨਾਹੀ ਕਰਨੀ ਪੈਂਦੀ ਹੈ। ਸਮਝਦਾਰ ਹੋਣ ਕਾਰਨ ਉਹ ਪਰਹੇਜ਼ ਤਾਂ ਕਰ ਹੀ ਲੈਂਦੇ ਹਨ, ਪਰੰਤੂ ਉੱਖੜੇ ਉੱਖੜੇ ਤੇ ਮੁਰਝਾਏ ਰਹਿੰਦੇ ਹਨ, ਅਤੇ ਦਿਹਾੜੇ ਗਿਣਦੇ ਰਹਿੰਦੇ ਹਨ ਕਿ ਕਦੋਂ ਇਹ 'ਚਲੀਹਾ' ਮੁੱਕੇ ਅਤੇ ਉਹ ਮੁੜ ਪਿਆਲੀ ਨੂੰ ਮੂੰਹ ਲਾ ਸਕਣ। ਦਰਅਸਲ ਸ਼ਰਾਬ ਉੱਤੇ ਮਾਨਸਿਕ ਨਿਰਭਰਤਾ (Psychological dependence) ਉਨ੍ਹਾਂ ਵਿਚ ਪੈਦਾ ਹੋ ਚੁੱਕੀ ਹੁੰਦੀ ਹੈ, ਅਤੇ ਸਰਾਬ ਨਾ ਮਿਲਣ 'ਤੇ ਇਸ ਦੀ ਤਲਬ ਉਨ੍ਹਾਂ ਲਈ ਤਕਲੀਫ਼-ਦੇਹ ਹੁੰਦੀ ਹੈ।

ਆਓ ਹੁਣ ਇਹ ਵਿਚਾਰੀਏ ਕਿ 'ਸਿੱਖ ਧਰਮ ਵਿਚ ਸੋਸ਼ਲ ਡ੍ਰਿੰਕਿੰਗ ਦਾ ਕੀ ਸਥਾਨ ਹੈ ?' ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥ ਗੁਰਸਿੱਖ ਰਹਿਣੀ-ਬਹਿਣੀ ਦਾ ਸਾਰ ਹੈ। ਸੱਚੇ ਅਤੇ ਸੁੱਚੇ ਆਚਰਣ ਨਾਲ ਲੈਸ ਕਰ ਕੇ ਕੌਮ

ਨੂੰ ਸਰੀਰਕ, ਮਾਨਸਿਕ, ਅਧਿਆਤਮਕ ਤੇ ਪਰਮਾਰਥਕ ਪੱਖੋਂ ਮਹਾਨ ਬਣਾਉਣਾ ਗੁਰੂ ਸਾਹਿਬਾਨ ਦਾ ਜੀਵਨ-ਉਦੇਸ਼ ਰਿਹਾ ਹੈ। ਸਦਾਚਾਰ ਦੇ ਜੋ ਨਿਯਮ ਉਨ੍ਹਾਂ ਨੇ ਨਿਰਧਾਰਿਤ ਕੀਤੇ ਸਨ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਤੇ ਨਿਕਟਵਰਤੀ ਕੁਝ ਗੁਰਸਿੱਖਾਂ ਨੇ ਰਹਿਤਨਾਮਿਆਂ ਦੇ ਰੂਪ ਵਿਚ ਸੰਕਲਿਤ ਕੀਤੇ ਹਨ।

ਸਿੱਖ ਧਰਮ ਵਿਚ ਹਰ ਪ੍ਰਕਾਰ ਦੇ ਨਸ਼ੇ ਵਰਜਿਤ ਹਨ। ਕੁਝ ਸਿੱਖਾਂ ਨੂੰ ਭੁਲੇਖਾ ਹੈ ਕਿ ਕੇਵਲ ਤਮਾਕੂ ਹੀ ਮਨ੍ਹਾਂ ਹੈ, ਅਤੇ ਹੋਰ ਨਸ਼ਿਆਂ ਦੀ ਖੁਲ੍ਹ ਹੈ। ਇਸ ਸੰਬੰਧ ਵਿਚ ਰਹਿਤਨਾਮਿਆਂ ਵਿਚਲਾ ਸੰਦੇਸ਼ ਬੜਾ ਸਪੱਸ਼ਟ ਹੈ :

**ਕੁੱਠਾ ਹੁੱਕਾ, ਚਰਸ, ਤਮਾਕੂ।**

**ਗਾਂਜਾ, ਟੋਪੀ, ਤਾੜੀ, ਖਾਕੂ।**

**ਇਨ ਕੀ ਓਰ ਨ ਕਬਹੂ ਦੇਖੈ।**

**ਰਹਿਤਵੰਤ ਜੋ ਸਿੰਘ ਬਿਸੇਖੈ।** (ਰਹਿਤਨਾਮਾ ਭਾਈ ਦੇਸਾ ਸਿੰਘ)

ਦੇਸ਼ ਦੀ ਵੰਡ ਸਮੇਂ ਮੈਨੂੰ ਮੁਲਾਜ਼ਮਤ ਦੇ ਸਿਲਸਿਲੇ ਵਿਚ ਉੱਤਰ ਪ੍ਰਦੇਸ਼ ਜਾਣਾ ਪਿਆ, ਜਿੱਥੇ ਮੈਂ 13 ਸਾਲ ਗੁਜ਼ਾਰੇ। ਇਕ ਵਾਰ ਮੇਰੀ ਨਿਯੁਕਤੀ ਪੀ.ਏ.ਸੀ. ਬਟਾਲੀਅਨ ਹਸਪਤਾਲ, ਮੁਰਾਦਾਬਾਦ ਵਿਚ ਹੋਈ। ਉੱਥੇ ਹਥਿਆਰਬੰਦ ਪੁਲਿਸ ਦੀਆਂ ਦੋ ਬਟਾਲੀਅਨਾਂ ਰਹਿੰਦੀਆਂ ਸਨ। ਇਨ੍ਹਾਂ ਵਿਚ ਕੇਵਲ ਦੋ ਹੀ ਸਿੱਖ ਕਰਮਚਾਰੀ ਸਨ, ਇਕ ਓਵਰਸੀਅਰ ਤੇ ਦੂਜਾ ਹਵਲਦਾਰ। ਉਨਾਂ ਨੂੰ ਸਿੱਖ ਡਾਕਟਰ ਦੇ ਆਉਣ ਦੀ ਖੁਸ਼ੀ ਹੋਣਾ ਸੁਭਾਵਿਕ ਸੀ। ਓਵਰਸੀਅਰ ਨੇ ਸਾਨੂੰ ਖਾਣੇ 'ਤੇ ਬੁਲਾਇਆ। ਮਗਰੋਂ ਹਵਲਦਾਰ ਨੂੰ ਵੀ ਰੀਸ ਆਈ। ਖਾਣੇ ਤੋਂ ਪਹਿਲਾਂ ਉਹ ਸ਼ਰਾਬ ਦੀ ਬੋਤਲ ਕੱਢ ਲਿਆਇਆ। ਮੈਂ ਉਸ ਨੂੰ ਦੱਸਿਆ ਕਿ ਮੈਂ ਤਾਂ ਸ਼ਰਾਬ ਨੂੰ ਛੂੰਹਦਾ ਤੱਕ ਨਹੀਂ। ਉਹ ਬੜਾ ਹੈਰਾਨ ਹੋਇਆ ਤੇ ਮਾਯੂਸ ਵੀ। ਕਹਿਣ ਲੱਗਾ, "ਤੁਸੀਂ ਕਿਹੋ ਜਿਹੇ ਸਿੱਖ ਹੋ, ਜੋ ਸ਼ਰਾਬ ਨਹੀਂ ਪੀਂਦੇ ?" ਮੈਂ ਆਪਣੀ ਇਸ 'ਤਰੁੱਟੀ' ਲਈ ਉਸ ਤੋਂ ਮਾਫ਼ੀ ਮੰਗੀ। ਮਜਬੂਰਨ ਉਸ ਵਿਚਾਰੇ ਨੇ ਇਕੱਲੇ ਹੀ ਦੋ ਪੈੱਗ ਗਲੇ ਤੋਂ ਉਤਾਰੇ। ਫਿਰ ਅਸੀਂ ਖਾਣਾ ਖਾਧਾ, ਜੋ ਬੜਾ ਸਾਦਾ ਸੀ। ਉਸ ਦੀ ਮਾਯੂਸੀ ਸੁਭਾਵਿਕ ਸੀ। ਉਸ ਦਾ ਸਾਰਾ ਪ੍ਰੋਗਰਾਮ ਖਰਾਬ ਹੋ ਗਿਆ ਸੀ। ਦਰਅਸਲ ਉਹ ਸ਼ਰਾਬ ਨੂੰ ਖਾਤਰਦਾਰੀ ਤੇ ਮਹਿਮਾਨ ਨਿਵਾਜ਼ੀ ਦੀ ਇਕ ਉੱਤਮ ਸਮੱਗਰੀ ਸਮਝਦਾ ਸੀ।

ਪੰਜਾਬ ਦੇ ਮਰਦ ਮਦਿਰਾ-ਦੇਵੀ ਦੇ ਉਪਾਸ਼ਕ ਹਨ। ਪ੍ਰਤੀ ਜੀਅ ਸ਼ਰਾਬ ਦੀ ਖਪਤ ਦੇ ਪੱਖੋਂ ਇਹ ਛੋਟਾ ਜਿਹਾ ਸੂਬਾ ਦੁਨੀਆਂ ਦੇ ਮਹਾਂ-ਪਿਅਕੜ ਦੇਸ਼ਾਂ ਦੀ ਬਰਾਬਰੀ ਦਾ 'ਮਾਣ' ਕਰ ਸਕਦਾ ਹੈ। ਇਕ ਅੰਦਾਜ਼ੇ ਮੁਤਾਬਕ ਇੱਥੇ 80 ਪ੍ਰਤੀਸ਼ਤ ਮਰਦ ਸ਼ਰਾਬ ਪੀਂਦੇ ਹਨ। ਉਹ ਸੋਸ਼ਲ ਡ੍ਰਿੰਕਿੰਗ ਨੂੰ ਇਕ ਗੌਰਵਮਈ ਸ਼ੁਗਲ ਸਮਝਦੇ ਹਨ। ਨਸ਼ੇ ਵਿਚ ਸੁੱਧ ਬੁੱਧ ਗਵਾ ਕੇ ਨਾਲੀਆਂ ਵਿਚ ਲੇਟਣ ਵਾਲੇ ਵੀ ਬਥੇਰੇ ਹਨ। ਮਾਲਵਾ ਤੇ ਪੁਆਧ ਦੇ ਬਹੁਤ ਸਾਰੇ ਸਿੱਖ ਅਖਵਾਉਣ ਵਾਲਿਆਂ ਨੇ ਤਾਂ ਤਮਾਕੂ ਨੂੰ ਵੀ ਹਿੱਕ ਨਾਲ ਲਾ ਲਿਆ ਹੈ। ਉਹ ਜ਼ਰਦਾ ਖਾਂਦੇ ਹਨ। ਪਿੰਡਾਂ ਵਿਚ ਕਈ ਬੀੜੀ ਵੀ ਪੀਂਦੇ ਹਨ। ਸ਼ਰਾਬਨੋਸ਼ੀ ਬਾਰੇ ਗੁਰਬਾਣੀ ਦਾ ਆਸ਼ਾ ਬੜਾ ਸਪੱਸ਼ਟ ਹੈ—

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥** (ਪੰਨਾ ੫੫੩)

**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥** (ਪੰਨਾ ੩੯੯)

**ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥**

**ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥**

**ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥**

**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥** (ਪੰਨਾ ੫੫੪)

(ਭਾਵਾਰਥ : ਜਿਸ ਦੇ ਪੀਣ ਨਾਲ ਬੁੱਧੀ ਪੱਤਰਾ ਵਾਚ ਜਾਂਦੀ ਹੈ, ਸਿਰ 'ਤੇ ਪਾਗਲਪਣ ਸਵਾਰ ਹੋ ਜਾਂਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਪਰਮਾਤਮਾ ਵਿਸਰ ਜਾਂਦਾ ਹੈ ਅਤੇ ਉਸਦੀ ਦਰਗਾਹ ਵਿਚ ਧੱਕੇ ਪੈਂਦੇ ਹਨ ਅਤੇ ਸਜ਼ਾ ਮਿਲਦੀ ਹੈ। ਅਜਿਹਾ ਝੂਠਾ ਨਸ਼ਾ ਭੁੱਲ ਕੇ ਵੀ ਕਦੀ ਨਾ ਪੀਉ। ਨਿਰਸੰਦੇਹ ਗੁਰਬਾਣੀ ਅਨੁਸਾਰ ਸ਼ਰਾਬਨੋਸ਼ੀ ਇਕ ਵੱਡਾ ਗੁਨਾਹ ਹੈ, ਦੁਰਮਤ ਜਾਂ ਮਲੀਨ ਬੁੱਧੀ ਦਾ ਪ੍ਰਤੀਕ ਅਤੇ ਇਕ ਅਣ-ਸਿੱਖੀ ਵਿਵਹਾਰ। ਅੱਜ ਅਸੀਂ ਗੁਰੂ ਸਾਹਿਬਾਨ ਦੇ ਦਰਸਾਏ ਗਾਡੀ-ਰਾਹ ਤੋਂ ਬਹੁਤ ਦੂਰ ਭਟਕ ਚੁੱਕੇ ਹਾਂ। ਉਨ੍ਹਾਂ ਸਾਨੂੰ ਕੀ ਬਣਾਇਆ ਸੀ ਤੇ ਅਸੀਂ ਕੀ ਬਣ ਗਏ ਹਾਂ ? ਇਨ੍ਹਾਂ ਸਾਨੂੰ ਕਿਰਦਾਰ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਸੀ, ਜਿੱਥੋਂ ਅਸੀਂ ਮੁੜ ਪਤਨ ਦੀ ਪਹਿਲਾਂ ਨਾਲੋਂ ਵੀ ਡੂੰਘੀ ਖਾਈ ਵਿਚ ਜਾ ਡਿੱਗੇ ਹਾਂ। ਦੁੱਖ ਦੀ ਗੱਲ ਇਹ ਹੈ ਕਿ ਆਪਣੇ ਔਗੁਣ 'ਤੇ ਸ਼ਰਮਿੰਦਾ ਹੋਣ ਦੀ ਥਾਂ ਅਸੀਂ ਇਸ 'ਤੇ ਫਖਰ ਮਹਿਸੂਸ ਕਰਨ ਲੱਗ ਪਏ ਹਾਂ। ਸੋਸ਼ਲ ਡ੍ਰਿੰਕਿੰਗ ਦੇ ਸ਼ੌਕ ਵਿਚੋਂ ਅਸੀਂ ਆਪਣੇ ਅਗਾਂਹਵਧੂ, ਸਭਯ, ਅਤਿ-ਆਧੁਨਿਕ ਅਤੇ ਉਚੇਰੀ ਨਸਲ ਦੇ ਇਨਸਾਨ ਹੋਣ ਦੀ ਝੂਠੀ ਤਸੱਲੀ ਲੈਂਦੇ ਹਾਂ। ਗੁਰਬਾਣੀ ਤਾਂ ਸਾਨੂੰ ਉਪਦੇਸ਼ ਕਰਦੀ ਹੈ ਕਿ ਸਭ ਬੁਰਿਆਈਆਂ ਦੀ ਜੜ੍ਹ ਸ਼ਰਾਬ ਵਰਗੀ ਭ੍ਰਿਸ਼ਟ ਚੀਜ਼ ਨੂੰ ਮੂੰਹ ਨਾ ਲਾਉ, ਪਰ ਅਸੀਂ ਵਿਸ਼ਟਾ ਦੇ ਕੀਟ ਹੋਣ ਵਿਚ ਹੀ ਗੌਰਵ ਪਏ ਮਹਿਸੂਸ ਕਰਦੇ ਹਾਂ। ਇਹ ਹੈ ਸਾਡੇ ਕੁਝ ਸਿੱਖ ਅਖਵਾਉਂਦੇ ਵੀਰਾਂ ਦਾ ਦੁਖਾਂਤ।

ਹੋਰ ਧਰਮ ਵੀ ਸ਼ਰਾਬ ਨੂੰ ਨਾਪਾਕ ਗਿਣਦੇ ਹਨ। ਇੱਟਾਂ, ਪੱਥਰ ਤੇ ਸੀਮੈਂਟ ਦੇ ਬਣੇ ਮੰਦਰ, ਮਸਜਿਦ ਜਾਂ ਚਰਚ ਵਿਚ ਸ਼ਰਾਬ ਲੈ ਜਾਣ ਦੀ ਸਖਤ ਮਨਾਹੀ ਹੁੰਦੀ ਹੈ। ਕਈ ਜਨਮਾਂ ਬਾਅਦ ਸਾਨੂੰ ਮਨੁੱਖੀ ਦੇਹ ਨਸੀਬ ਹੁੰਦੀ ਹੈ। ਇਸ ਵਿਚ ਤਾਂ ਹਰੀ ਆਪ ਵਸਦਾ ਹੈ—

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**

**ਤਾ ਤੂ ਜਗ ਮਹਿ ਆਇਆ।** (ਪੰਨਾ ੯੨੧)

ਇਸ ਸਰੀਰ ਰੂਪੀ ਮੰਦਰ ਵਿਚ ਸ਼ਰਾਬ ਦਾ ਦਾਖਲਾ ਕੁਫਰ ਨਹੀਂ ਤਾਂ ਹੋਰ ਕੀ ਹੈ ? ਪੰਜਾਬ ਵਿਚ ਸ਼ਰਾਬ ਦਾ ਸ਼ੌਕ ਆਪਣੀ ਚਰਮ ਸੀਮਾ 'ਤੇ ਹੈ। ਮੇਰਾ ਵਾਹ ਇਕ ਵਾਰ ਸ਼ਰਾਬ ਦੇ ਆਸ਼ਕ ਇਕ ਅਜਿਹੇ ਮਨਚਲੇ ਨੌਜਵਾਨ ਨਾਲ ਪਿਆ, ਜੋ ਆਪਣੀਆਂ ਦੋ ਛੋਟੀਆਂ ਬੇਟੀਆਂ ਨੂੰ ਪਿਆਰ ਨਾਲ 'ਵਿਸਕੀ' ਤੇ 'ਬਰਾਂਡੀ' ਨਾਵਾਂ ਨਾਲ ਪੁਕਾਰਦਾ ਸੀ। ਬੀਬੀਆਂ ਨਿੱਜੀ ਮਾਮਲੇ ਵਿਚ ਸ਼ਰਾਬ ਨੂੰ ਬੁਰਾ ਸਮਝਣ ਦੇ ਬਾਵਜੂਦ ਆਮ ਤੌਰ 'ਤੇ ਆਪਣੇ ਸਿਰ ਦੇ ਸਾਈਂ ਦੀ ਸੋਸ਼ਲ ਡ੍ਰਿੰਕਿੰਗ ਪ੍ਰਤੀ ਸਹਿਣਸ਼ੀਲ ਹੁੰਦੀਆਂ ਹਨ।

ਉਹ ਸਮਝਦੀਆਂ ਹਨ ਕਿ ਇਸ ਪ੍ਰਕਾਰ ਦਾ ਮਨੋਰੰਜਨ ਮਰਦਾਂ ਦਾ ਨਾਰਮਲ ਸੁਭਾਅ ਤੇ ਹੱਕ ਹੁੰਦਾ ਹੈ। ਸਿੱਧੜ ਮਾਤਾਵਾਂ ਦੇ ਮੂੰਹੋਂ ਅਕਸਰ ਸੁਣੀਂਦਾ ਹੈ, "ਮੇਰਾ ਕਾਕਾ ਤਾਂ ਸ਼ਰਾਬ ਨੂੰ ਮੂੰਹ ਨਹੀਂ ਲਾਉਂਦਾ, ਹੋਇਆ ਕਦੀ

ਬੀਅਰ ਪੀ ਲੈਂਦਾ ਹੈ।" ਉਹ ਸਮਝਦੀਆਂ ਹਨ ਕਿ ਬੀਅਰ ਸ਼ਰਾਬ ਨਹੀਂ। ਇਹ ਭਰਮ ਉਨ੍ਹਾਂ ਨੂੰ ਆਪਣੀ ਮੋਟੀ ਮੱਤ ਜਾਂ ਕਾਕਾ ਜੀ ਦੀ ਮੱਕਾਰੀ ਦੀ ਦੇਣ ਹੁੰਦਾ ਹੈ।

ਮਨੁੱਖੀ ਮਨ ਜੋਤਿ-ਸਰੂਪ ਹੈ। ਸਿਰਜਨਹਾਰ ਨੇ ਮਨੁੱਖ ਨੂੰ ਇਸ ਲਈ ਸਾਜਿਆ ਹੈ ਕਿ ਉਸ ਵਿਚ ਆਪਣਾ ਅਕਸ ਦੇਖ ਸਕੇ। ਸ਼ਰਾਬਨੋਸ਼ੀ ਤੇ ਜੋਤਿ-ਸਰੂਪ ਕਿਰਦਾਰ ਪਰਸਪਰ ਵਿਰੋਧੀ ਹਨ। ਲੋੜ ਹੈ ਸਾਨੂੰ ਆਪਣੇ ਅਸਲੇ ਤੋਂ ਜਾਣੂੰ ਹੋਣ ਦੀ।

**ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥** (ਪੰਨਾ ੪੪੧)

ਜੇ ਅਸੀਂ ਇਹ ਜਾਣ ਲਈਏ ਤਾਂ ਸ਼ਰਾਬ ਸਾਨੂੰ ਇਕ ਹੋਛਾ ਰਸ ਪ੍ਰਤੀਤ ਹੋਵੇਗਾ, ਇਕ ਨਾਪਾਕ ਤੇ ਪਲੀਤ ਸ਼ੈਅ, ਅਤੇ ਸੋਸ਼ਲ ਡ੍ਰਿੰਕਿੰਗ ਇਕ ਘਟੀਆ ਤੇ ਭ੍ਰਿਸ਼ਟ ਰੁਚੀ। ਮੇਰੀ ਸ਼ਰਾਬ-ਪ੍ਰੇਮੀ ਸਿੱਖ ਅਖਵਾਉਣ ਵਾਲੇ ਵੀਰਾਂ ਨੂੰ ਬੇਨਤੀ ਹੈ ਕਿ ਉਹ ਇਸ ਸਿੱਖ-ਵਿਰੋਧੀ ਵਿਵਹਾਰ ਨੂੰ ਤਿਲਾਂਜਲੀ ਦੇ ਕੇ ਗੁਰਸਿੱਖੀ ਵੱਲ ਪਰਤ ਆਉਣ। ਰੱਬ ਕਿਸੇ ਦੁਸ਼ਮਣ ਨੂੰ ਵੀ ਸ਼ਰਾਬ ਦਾ ਸ਼ੌਕ ਨਾ ਲਾਏ। ਦਿੱਕ ਹੋ, ਸਿੱਲ ਹੋ, ਪਲੇਗ ਹੋ, ਕੋਈ ਭੀ ਭਾਰੀ ਅਜ਼ਾਬ ਹੋ। ਮਗਰ ਐ ਖ਼ੁਦਾਏ ਦੋ ਜਹਾਂ, ਨ ਕਿਸੀ ਕੋ ਸ਼ੌਕਿ ਸ਼ਰਾਬ ਹੋ।

## ਨਸ਼ਾਬੰਦੀ ਪੰਜਾਬ ਵਿਚ

**—ਸ: ਗੁਰਚਰਨਜੀਤ ਸਿੰਘ ਐਡਵੋਕੇਟ**

ਤਮਾਕੂ ਤੋਂ ਬਾਅਦ ਅਗਰ ਕੋਈ ਹੋਰ ਨਾ-ਮੁਰਾਦ ਜਾਨ ਲੇਵਾ ਇੱਲਤ ਅਤੇ ਕੋਹੜ ਹੈ ਤਾਂ ਉਹ ਹੈ ਸ਼ਰਾਬ, ਜੋ ਨਾ ਕੇਵਲ ਸੇਵਨ ਕਰਨ ਵਾਲੇ ਵਿਅਕਤੀ ਦੀ ਸਿਹਤ ਨੂੰ ਹੀ ਨੁਕਸਾਨ ਪੁਚਾਂਦੀ ਹੈ ਸਗੋਂ ਉਸਦੇ ਪਰਿਵਾਰ ਅਤੇ ਸਾਰੇ ਸਮਾਜ ਨੂੰ ਕਈ ਕਿਸਮ ਦੇ ਆਰਥਿਕ, ਸਮਾਜਿਕ ਅਤੇ ਇਖ਼ਲਾਕੀ ਬਦਹਾਲੀ ਵੱਲ ਧੱਕਣ ਦਾ ਮੁੱਖ ਸੋਮਾ ਵੀ ਹੈ। ਪਰ ਇਹ ਵੀ ਇਕ ਤਲਖ਼ ਸੱਚਾਈ ਹੈ ਕਿ ਦੁਨੀਆਂ ਦੇ ਕਈ ਮੁਲਕਾਂ ਸਣੇ ਚੀਨ, ਜਾਪਾਨ, ਆਈਸਲੈਂਡ, ਫਿਨਲੈਂਡ, ਨਾਰਵੇ, ਸਵੀਡਨ, ਰੂਸ, ਕੈਨੇਡਾ ਅਤੇ ਅਮਰੀਕਾ ਆਦਿ ਅਤੇ ਹਿੰਦੁਸਤਾਨ ਵਿਚ ਵੀ ਮਹਾਰਾਸ਼ਟਰਾ, ਬਿਹਾਰ, ਗੁਜਰਾਤ ਅਤੇ ਹਰਿਆਣਾ ਨੇ ਸਮੇਂ-ਸਮੇਂ ਸਿਰ ਇਸ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਪਰ ਹਰ ਥਾਂ ਇਹ ਨਾਕਾਮਯਾਬ ਹੀ ਰਹੀ। ਅਮਰੀਕਾ ਵਿਚ ਇਹ ਪਾਬੰਦੀ 1919 ਤੱਕ ਲਾਗੂ ਰਹੀ। 1869 ਵਿਚ ਅਮਰੀਕਾ ਵਿਚ 'ਪਰੋਹਿਬਿਸ਼ਨਿਸਟ ਪਾਰਟੀ' ਨਾਮ ਦੀ ਨਸ਼ਾਬੰਦੀ ਸਮਰਥਕ ਰਾਜਨੀਤਿਕ ਪਾਰਟੀ ਵੀ ਹੋਂਦ ਵਿਚ ਆਈ ਅਤੇ ਜਿਸ ਨੇ ਚੋਣਾਂ ਵਿਚ ਵੀ ਹਿੱਸਾ ਲਿਆ। ਪਰ ਹੌਲੀ-ਹੌਲੀ ਇਹ ਪਾਰਟੀ ਵੀ ਇਤਿਹਾਸ ਦਾ ਇਕ ਪੱਤਰਾ ਬਣ ਕੇ ਰਹਿ ਗਈ ਹੈ। ਜੇਕਰ ਸਰਕਾਰੀ ਤੌਰ 'ਤੇ ਲਾਈ ਹੋਈ ਪਾਬੰਦੀ ਕਿਧਰੇ ਕਾਮਯਾਬ ਰਹੀ ਹੈ ਤਾਂ ਕੇਵਲ ਇਸਲਾਮੀ ਮੁਲਕਾਂ ਵਿਚ ਹੋ ਸਕੀ ਹੈ ਜਿੱਥੋਂ ਸ਼ਰੀਅਤ ਦੇ ਡਰ ਨੇ ਇਹ ਆਦਤ ਕਾਫ਼ੀ ਹੱਦ ਤੱਕ ਛੁਡਾਈ ਹੈ।

ਇਸ ਹਾਲਤ ਵਿਚ ਇਕ ਵਿਵਸਥਾ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਨਿਕਟ ਭਵਿੱਖ ਵਿਚ ਕੋਈ ਵੀ ਸਰਕਾਰ ਪੂਰਨ ਨਸ਼ਾਬੰਦੀ ਲਾਉਣ ਦੀ ਨਾ ਤਾਂ ਇੱਛਾ ਸ਼ਕਤੀ ਹੀ ਰੱਖਦੀ ਹੈ ਅਤੇ ਨਾ ਹੀ ਲਾ ਸਕਦੀ ਹੈ। ਪਰ ਰੌਸ਼ਨੀ ਦੀ ਇਕ ਕਿਰਨ ਇਹ ਹੈ ਕਿ ਜਿਹੜੇ ਵੀ ਕਾਨੂੰਨ ਮੌਜੂਦ ਹਨ ਜੇਕਰ ਉਹ ਹੀ ਸਹੀ ਇਮਾਨਦਾਰੀ ਨਾਲ ਲਾਗੂ ਕਰ

ਦਿੱਤੇ ਜਾਣ ਤਾਂ ਉਹ ਵੀ ਸ਼ਰਾਬ ਅਤੇ ਸ਼ਰਾਬੀਆਂ ਦਾ ਨਸ਼ਾ ਕਾਫ਼ੀ ਹੱਦ ਤੱਕ ਉਤਾਰਣ ਨੂੰ ਕਾਫ਼ੀ ਹਨ। ਮੌਜੂਦਾ ਹਾਲਾਤ ਵਿਚ ਇਹ ਵੀ ਕੋਈ ਘੱਟ ਪ੍ਰਾਪਤੀ ਨਹੀਂ ਹੋਵੇਗੀ ਜੇਕਰ ਲੋਕਾਂ ਨੂੰ ਸ਼ਰਾਬ ਤੋਂ ਭਾਵੇਂ ਨਾ ਹਟਾਇਆ ਜਾ ਸਕੇ ਪਰ ਜੇਕਰ ਉਨ੍ਹਾਂ ਨੂੰ ਘੱਟੋ-ਘੱਟ ਸ਼ਰਾਬੀ ਬਣਨ ਤੋਂ ਹੀ ਰੋਕਿਆ ਜਾ ਸਕੇ। ਇਹਨਾਂ ਬਾਰੇ ਵਿਚਾਰ ਕਰਨਾ ਲਾਹੇਵੰਦ ਹੋਵੇਗਾ ਤਾਂ ਕਿ ਸਮਾਜ ਸੇਵੀ ਸੰਸਥਾਵਾਂ ਰਾਹੀਂ ਲੋਕ-ਰਾਇ ਬਣਾ ਕੇ ਸਰਕਾਰ ਅਤੇ ਅਧਿਕਾਰੀਆਂ ਨੂੰ ਪ੍ਰੇਰਿਆ ਜਾ ਸਕੇ ਕਿ ਇਹਨਾਂ ਕਾਨੂੰਨਾਂ ਦਾ ਲਾਗੂ ਕਰਨਾ ਅਤੇ ਕਰਵਾਉਣਾ ਇਹਨਾਂ ਦਾ ਮੁਢਲਾ ਇਖ਼ਲਾਕੀ ਫਰਜ਼ ਹੈ।

ਹਿੰਦੁਸਤਾਨ ਦੇ ਸੰਵਿਧਾਨ ਦੇ ਆਰਟੀਕਲ 47 ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸੰਘ (ਕੇਂਦਰ) ਦੀ ਸਰਕਾਰ ਦਾ ਇਹ ਮੁਢਲਾ ਫਰਜ਼ ਹੈ ਕਿ ਜਨਤਾ ਦੀ ਸਿਹਤ ਅਤੇ ਉਹਨਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੰਤਵ ਲਈ ਨਸ਼ਿਆਂ ਅਤੇ ਸ਼ਰਾਬ 'ਤੇ ਪਾਬੰਦੀ ਲਾਗੂ ਕਰੇਗੀ। ਸਰਕਾਰ ਦਾ ਕੰਮ ਸੰਵਿਧਾਨ ਦੀ ਪਾਲਣਾ ਕਰਵਾਉਣਾ ਹੈ ਪਰ ਜੇ ਸਰਕਾਰ ਖ਼ੁਦ ਹੀ ਆਪਣੇ ਬਣਾਏ ਸੰਵਿਧਾਨ ਦੀ ਪਾਲਣਾ ਨਾ ਕਰੇ ਤਾਂ ਆਮ ਜਨਤਾ ਕੀ ਕਰ ਸਕਦੀ ਹੈ ?

ਉਪਰੰਤ ਜਿੱਥੇ ਤੱਕ ਪੰਜਾਬ ਸੂਬੇ ਦਾ ਸੰਬੰਧ ਹੈ ਇੱਥੇ ਤਾਂ ਇਸ ਵੇਲੇ ਪ੍ਰਦੇਸ਼ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਦੋਵੇਂ ਹੀ ਪਾਰਟੀਆਂ ਨਸ਼ਾਬੰਦੀ ਲਾਗੂ ਕਰਨ ਲਈ ਵਚਨਬੱਧ ਹਨ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਆਪਣੇ ਪਾਲਿਸੀ ਪ੍ਰੋਗਰਾਮ ਅਤੇ ਅਨੰਦਪੁਰ ਸਾਹਿਬ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਹੁੰ ਵੀ ਚੁੱਕੀ ਸੀ ਕਿ, ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕਿਆਂ ਰਾਹੀਂ ਹੇਠਾਂ ਦਿੱਤੇ ਯਤਨਾਂ ਲਈ ਵਚਨਬੱਧ ਹੈ,...ਸ਼੍ਰੋਮਣੀ ਅਕਾਲੀ ਦਲ ਸ਼ਰਾਬ ਅਤੇ ਨਸ਼ੀਲੀਆਂ ਵਸਤਾਂ ਦੀ ਵਿਕਰੀ ਉੱਤੇ ਪਾਬੰਦੀ ਚਾਹੁੰਦਾ ਹੈ ਅਤੇ ਸਰਵਜਨਕ ਸਥਾਨਾਂ ਉੱਤੇ ਨਸ਼ੀਲੀਆਂ ਵਸਤਾਂ ਦੀ ਵਰਤੋਂ ਅਤੇ ਸਿਗਰਟ ਪੀਣ ਦੀ ਮਨਾਹੀ ਲਈ ਜ਼ੋਰ ਪਾਏਗਾ।

ਪੰਜਾਬ ਇੰਟਾਕਸੀਕੈਂਟ ਲਾਈਸੈਂਸ ਅਤੇ ਸੇਲ ਆਰਡਰ, 1956 ਵਿਚ ਸ਼ਰਾਬ ਦੇ ਠੇਕੇ ਦੇਣ ਬਾਰੇ ਜੋ ਨਿਯਮ ਬਣਾਏ ਗਏ, ਉਹ ਸੰਖੇਪ ਤੌਰ 'ਤੇ ਹੇਠਾਂ ਦਿੱਤੇ ਜਾਂਦੇ ਹਨ :

- ਕਿਸੇ ਫ਼ੌਜੀ, ਫ਼ੌਜੀ ਦੇ ਪਰਿਵਾਰ ਦੇ ਮੈਂਬਰ, ਰੰਗਰੂਟ, ਪੁਲਿਸ ਵਾਲੇ, ਹਿਰਾਸਤ ਵਿਚ ਕਿਸੇ ਵਿਅਕਤੀ ਨੂੰ, ਕਿਸੇ ਨਸ਼ੱਈ, ਕਿਸੇ ਪਾਗਲ ਨੂੰ, ਕਿਸੇ ਵੀ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਅਤੇ ਕਿਸੇ ਵਿਦਿਆਰਥੀ ਨੂੰ ਸ਼ਰਾਬ ਨਹੀਂ ਵੇਚੀ ਜਾਏਗੀ।
- ਰੂਲ 6 ਦੇ ਤਹਿਤ ਠੇਕੇ ਹਰ ਮਹੀਨੇ ਦੀ 7 ਤਰੀਕ, 26 ਜਨਵਰੀ, 15 ਅਗਸਤ ਅਤੇ 2 ਅਕਤੂਬਰ ਨੂੰ ਬੰਦ ਰਹਿਣਗੇ। ਠੇਕਿਆਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 8 ਵਜੇ ਤੋਂ ਰਾਤ ਦੇ 11 ਵਜੇ ਤੱਕ ਹੋਵੇਗਾ। (ਪਹਿਲਾਂ ਇਹ ਸਮਾਂ ਸਵੇਰੇ 10 ਵਜੇ ਤੋਂ ਰਾਤ ਦੇ 10 ਵਜੇ ਤੱਕ ਹੀ ਹੁੰਦਾ ਸੀ।)
- ਇਸ ਵਿਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਠੇਕੇ ਵਿਚ ਦਾਖ਼ਲ ਹੋਣ ਅਤੇ ਬਾਹਰ ਨਿਕਲਣ ਲਈ ਕੇਵਲ ਇਕ ਦਰਵਾਜ਼ਾ ਹੀ ਹੋਵੇਗਾ।

- ਠੇਕੇ ਵਿਚ ਮਹਾਤਮਾ ਗਾਂਧੀ ਅਤੇ ਮੌਜੂਦਾ ਜਾਂ ਰਹਿ ਚੁੱਕੇ ਕਿਸੇ ਵੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੀ ਫੋਟੋ ਨਹੀਂ ਲਾਈ ਜਾ ਸਕਦੀ।(ਮਹਾਂਪੁਰਸ਼ਾਂ ਦੀ ਤਸਵੀਰ ਬਾਰੇ ਕੋਈ ਪਾਬੰਦੀ ਨਹੀਂ)।
- ਕਿਸੇ ਕਿਸਮ ਦੀ ਸਜਾਵਟੀ ਰੌਸ਼ਨੀ ਵਾਲੀਆਂ ਬੱਤੀਆਂ ਨਹੀਂ ਲਾਈਆਂ ਜਾ ਸਕਦੀਆਂ।
- ਠੇਕੇ ਵਿਚ ਸ਼ੀਸ਼ੇ ਦੀਆਂ ਅਲਮਾਰੀਆਂ ਜਾਂ ਖਿੜਕੀਆਂ ਵਿਚ ਸ਼ਰਾਬ ਦੀਆਂ ਬੋਤਲਾਂ ਦੀ ਨੁਮਾਇਸ਼ ਨਹੀਂ ਕੀਤੀ ਜਾਏਗੀ।
- ਠੇਕੇ ਵਿਚ ਸ਼ਰਾਬ ਵਿਰੋਧੀ ਨਾਅਰੇ ਅਤੇ ਕਿੱਤੇ ਪ੍ਰਮੁੱਖਤਾ ਨਾਲ ਲਾਏ ਜਾਣਗੇ।
- ਠੇਕੇ ਵਿਚ ਜਾਂ ਕਿਸੇ ਵੀ ਥਾਂ 'ਤੇ ਕਿਸੇ ਵੀ ਢੰਗ ਨਾਲ ਸ਼ਰਾਬ ਦੀ ਤਾਰੀਫ਼ ਬਾਰੇ ਕੋਈ ਇਸ਼ਤਿਹਾਰਬਾਜ਼ੀ ਨਹੀਂ ਕੀਤੀ ਜਾਵੇਗੀ।
- ਠੇਕਾ ਕਿਸੇ ਵੀ ਧਾਰਮਿਕ ਸਥਾਨ, ਵਿੱਦਿਅਕ ਅਦਾਰੇ, ਜਨਤਕ ਮਨ-ਪ੍ਰਚਾਵੇ ਦੇ ਸਥਾਨ, ਰੇਲਵੇ ਸਟੇਸ਼ਨ, ਮਜ਼ਦੂਰਾਂ ਜਾਂ ਹਰੀਜਨ ਬਸਤੀਆਂ ਦੇ ਨੇੜੇ ਨਹੀਂ ਹੋਵੇਗਾ।ਨਾਲ ਹੀ ਮਿਊਨਸੀਪੈਲਟੀ ਦੀ ਹੱਦ ਤੋਂ ਬਾਹਰ, ਰਾਸ਼ਟਰੀ ਰਾਜਮਾਰਗ, ਗੁਰੂ ਗੋਬਿੰਦ ਸਿੰਘ ਮਾਰਗ ਦੇ 150 ਮੀਟਰ ਦੇ ਅੰਦਰ ਵੀ ਕੋਈ ਠੇਕਾ ਨਹੀਂ ਖੁੱਲ੍ਹੇਗਾ।
- ਕੋਈ ਨਵਾਂ ਠੇਕਾ ਕੇਵਲ ਉਸ ਹਾਲਤ ਵਿਚ ਹੀ ਦਿੱਤਾ ਜਾਵੇਗਾ ਜੇਕਰ ਉਸ ਇਲਾਕੇ ਵਿਚ ਇਸ ਦੀ ਮੰਗ ਹੁੰਦੀ ਹੈ ਪਰ ਇਹ ਵੀ ਉਸ ਇਲਾਕੇ ਦੇ ਨਿਵਾਸੀਆਂ ਦੀ ਰਾਇ ਲੈਣ ਤੋਂ ਬਾਅਦ ਹੀ।
- ਨਵਾਂ ਠੇਕਾ ਖੋਲ੍ਹਣ ਤੋਂ ਪਹਿਲਾਂ ਇਲਾਕੇ ਵਿਚ ਢੋਲ ਵਜਾ ਕੇ ਮੁਨਾਦੀ ਕਰਵਾਈ ਜਾਵੇਗੀ ਤੇ ਇਸਦੀ ਸੂਚਨਾ ਮਿਊਨਿਸਿਪਲ ਕਮੇਟੀ, ਜ਼ਿਲ੍ਹਾ ਬੋਰਡ, ਗ੍ਰਾਮ ਪੰਚਾਇਤ ਨੂੰ ਦਿੱਤੀ ਜਾਵੇਗੀ ਅਤੇ ਐਸ.ਪੀ. ਰਿਪੋਰਟ ਲਈ ਜਾਏਗੀ।
- ਜੇਕਰ ਪ੍ਰਸਤਾਵਿਤ ਠੇਕਾ ਕਿਸੇ ਹਸਪਤਾਲ, ਰੇਲਵੇ ਸਟੇਸ਼ਨ, ਕਾਰਖਾਨੇ ਜਾਂ ਵਰਕਸ਼ਾਪ ਦੇ ਨੇੜੇ ਹੋਣਾ ਹੋਇਆ ਤਾਂ ਕਲੈਕਟਰ ਇਹਨਾਂ ਦੀ ਰਾਇ ਜ਼ਰੂਰ ਲਵੇਗਾ ਅਤੇ ਠੇਕਾ ਖੋਲ੍ਹਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਸਾਰੇ ਇਤਰਾਜ਼ਾਂ ਨੂੰ ਦੂਰ ਕੀਤਾ ਜਾਵੇਗਾ।
- ਠੇਕੇ ਦੇ ਕਰਿੰਦਿਆਂ ਦੇ ਨਾਮ ਕਲੈਕਟਰ ਵਲੋਂ ਮਨਜ਼ੂਰ ਕੀਤੇ ਜਾਣਗੇ।
- ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀ 1997-98 ਦੀ ਐਕਸਾਈਜ਼ ਪਾਲਿਸੀ ਵਿਚ ਅੰਕਤ ਹੈ ਕਿ :

ਠੇਕੇ ਦੇ ਨਾਮ ਦਾ ਬੋਰਡ 4 ਫੁੱਟ ਗੁਣਾਂ 2 ਫੁੱਟ ਦਾ ਹੋਵੇਗਾ।

- ਠੇਕੇ ਵਿਚ ਹਿੰਦੀ, ਗੁਰਮੁਖੀ, ਅੰਗਰੇਜ਼ੀ ਅਤੇ ਉਰਦੂ ਵਿਚ ਪ੍ਰਮੁੱਖਤਾ ਨਾਲ ਲਿਖਿਆ ਹੋਵੇਗਾ ਕਿ "ਸ਼ਰਾਬ ਸਿਹਤ ਲਈ ਹਾਨੀਕਾਰਕ ਹੈ।"
- ਕਿਸੇ ਨੂੰ ਮੁਫ਼ਤ ਸ਼ਰਾਬ ਨਹੀਂ ਦਿੱਤੀ ਜਾਵੇਗੀ।
- ਸ਼ਰਾਬ ਦੇ ਬਦਲੇ ਕਿਸੇ ਗਾਹਕ ਦੇ ਕੱਪੜੇ ਨਹੀਂ ਲਾਹੇ ਜਾਣਗੇ।ਬਿਹਾਰ ਸਰਕਾਰ ਨੇ ਜਦੋਂ ਨਸ਼ਾਬੰਦੀ ਲਾਗੂ

ਕੀਤੀ ਸੀ ਤਾਂ ਸ਼ਰਾਬ ਦੇ ਪਰਮਿਟ ਜੋ ਡਾਕਟਰ ਦੀ ਸਲਾਹ ਦੇ ਹਵਾਲੇ ਨਾਲ ਲੈਣਾ ਚਾਹੁੰਦੇ ਸਨ, ਉਹਨਾਂ ਲਈ ਸਰਕਾਰ ਨੇ ਜੋ ਫਾਰਮ ਬਣਵਾਇਆ ਸੀ ਜੇਕਰ ਉਹ ਹੀ ਲਾਗੂ ਕਰ ਦਿੱਤਾ ਜਾਏ ਤਾਂ ਵੀ ਇਸ ਬੀਮਾਰੀ ਤੋਂ ਕਾਫ਼ੀ ਹੱਦ ਤੱਕ ਛੁਟਕਾਰਾ ਮਿਲ ਸਕਦਾ ਹੈ। ਇਸ ਫਾਰਮ ਵਿਚ ਜੋ ਸਵਾਲ ਪੁੱਛੇ ਗਏ ਹਨ, ਉਹ ਇਸ ਤਰ੍ਹਾਂ ਸਨ :

**ਸ਼ਰਾਬੀ ਕਾ ਨਾਮ :**

**ਸ਼ਰਾਬੀ ਕੇ ਬਾਪ ਕਾ ਨਾਮ :**

**ਕਯਾ ਸ਼ਰਾਬੀ ਕਾ ਬਾਪ ਭੀ ਸ਼ਰਾਬੀ ਥਾ ?**

**ਸ਼ਰਾਬੀ ਕਿਤਨੇ ਦਿਨ ਸੇ ਸ਼ਰਾਬੀ ਹੈ ?**

**ਸ਼ਰਾਬੀ ਕੋ ਸ਼ਰਾਬ ਨਹੀਂ ਮਿਲਨੇ ਸੇ ਕਯਾ ਹੋਤਾ ਹੈ ?**

ਲੋੜ ਹੈ ਸਰਕਾਰ ਨੂੰ ਆਪਣੇ ਬਣਾਏ ਹੋਏ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਤਾਂਕਿ ਦੇਸ਼ ਦੀ ਕੀਮਤੀ ਜਵਾਨੀ ਸ਼ਰਾਬ ਦੀਆਂ ਬੋਤਲਾਂ ਦੇ ਬਦਲੇ ਹੀ ਖਤਮ ਨਾ ਹੋ ਜਾਏ।


## ਲਾਂਚ ਕਰਤਾ : ਜਸਬੀਰ ਸਿੰਘ

Mob.: 09988160484, 6239045985


निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।**